ਜ਼ਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ੴ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

## ਜਾਹਰ ਪੀਰੁ ਜਗਤੁ ਗੁਰ ਬਾਬਾ ॥

ਗੰਗ ਬਨਾਰਸ ਹਿੰਦੂਆਂ ਮੁਸਲਮਾਣਾ ਮਕਾ ਕਾਬਾ ।
ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ ।
ਭਗਤਿ ਵਛਲੁ ਹੋਇ ਆਇਆ ਪਤਿਤ ਉਧਾਰਣੁ ਅਜਬੁ ਅਜਾਬਾ ।
ਚਾਰਿ ਵਰਨਿ ਇਕ ਵਰਨ ਹੋਇ ਸਾਧ ਸੰਗਤਿ ਮਿਲਿ ਹੋਇ ਤਰਾਬਾ ।
ਚੰਦਨੁ ਵਾਸੁ ਵਣਾਸਪਤਿ ਅਵਲਿ ਦੋਮ ਨ ਸੇਮ ਖਰਾਬਾ ।
ਹੁਕਮਿ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ ।
ਜਾਹਰ ਪੀਰੁ ਜਗਤੁ ਗੁਰ ਬਾਬਾ ।

ਅੱਧ-ਮਾਸਕ ਪੱਤਰ ਸੂਰਾ * ੫ ਸਤੰਬਰ ੧੯੭੦

www.AKJ.Org

# ਲੇਖ-ਸੂਚੀ


| ਲੇਖ | ਪੰਨਾ | ਲੇਖਕ |
|---|---|---|
| ਨਾਸਤਕਤਾ, ਆਸਤਕਾਂ ਹਥੋਂ | ੪ | ਭਾ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ |
| ਮਾਇਆ ਦਾ ਪ੍ਰਭਾਵ ਤੇ ਇਸ ਤੋਂ ਛੁਟਕਾਰਾ | ੭ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਗੁਰਮਤਿ ਅਨੰਦ-ਕਾਰਜ | ੧੩ | ਗਿ: ਦਲਜੀਤ ਸਿੰਘ ਜੀ 'ਕਮਲ' ਨਵੀਂ ਦਿਲੀ |
| ਪ੍ਰਿਅ ਕੀ ਪ੍ਰੀਤ | ੧੮ | ਪ੍ਰਿੰ: ਮੇਹਰ ਸਿੰਘ ਜੀ, ਡੇਹਰਾਦੂਨ |
| ਗੁਰਸਿੱਖ ਦੀ ਪਛਾਣ | ੨੩ | ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ |
| ਅੰਮ੍ਰਿਤ ਦੀ ਮਹੱਤਤਾ | ੩੩ | ਸ: ਜਸਮੇਰ ਸਿੰਘ ਜੀ 'ਪਾਲ' |


## ਮਾਸਕ ਰੈਣ ਸਬਾਈ

ਸਰਬਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤਹਿਸੀਲ ਲੁਧਿਆਣਾ ਮਲੇਰਕੋਟਲਾ, ਬਰਨਾਲਾ ਦੇ ਇਲਾਕੇ ਵਿਚ ਮਾਸਕ ਰੈਣ ਸਬਾਈ ਕੀਰਤਨ ਸਮਾਗਮ ਗੁਰਪੁਰਵਾਸੀ ਮਾਸਟਰ ਜੋਗਿੰਦਰ ਸਿੰਘ ਬਠੂੰਦੀ ਵਾਲਿਆਂ ਨੇ 1959 ਵਿਚ ਅਰੰਭ ਕੀਤਾ ਸੀ ਜੋ ਗੁਰੂ ਕ੍ਰਿਪਾ ਦੁਆਰਾ ਬੜੀ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ। ਮਹੀਨਾ ਅਗਸਤ ਦਾ ਸਮਾਗਮ ਮੰਡੀ ਅਹਿਮਦਗੜ੍ਹ ਗੁਰਦੁਆਰਾ ਸਾਹਿਬ ਵਿਖੇ 29 ਅਗਸਤ ਨੂੰ ਬੜੀ ਚੜ੍ਹਦੀ ਕਲਾ ਵਿਚ ਹੋਇਆ। ਜਿਸ ਵਿਚ ਬਹੁਤ ਸਾਰੇ ਗੁਰੂ ਪਿਆਰੇ ਪੁਜੇ। ਹੁਣ ਮਹੀਨਾ ਸਤੰਬਰ 1970 ਦਾ ਸਮਾਗਮ 19 ਸਤੰਬਰ ਤੇ 20 ਸਤੰਬਰ ਦੀ ਵਿਚਕਾਰਲੀ ਰਾਤ ਨੂੰ ਗੁ: ਸਾਹਿਬ ਰਹੀੜਾ (ਕੁਪ) ਵਿਖੇ ਹੋਣਾ ਨੀਅਤ ਹੋਇਆ ਹੈ। ਜਿਥੇ ਵਡਾ ਘਲੂਘਾਰਾ ਹੋਇਆ। ਜਿਸ ਵਿਚ 50.000 ਸਿੰਘ ਸ਼ਹੀਦ ਹੋਏ। ਉਸ ਸ਼ਹੀਦਾਂ ਦੀ ਧਰਤੀ ਤੇ ਰੈਣ ਸਬਾਈ ਸਮਾਗਮ ਰਖਿਆ ਗਿਆ ਹੈ। ਸੋ ਸਰਬਤ ਗੁਰੂ ਪਿਆਰੇ 19 ਸਤੰਬਰ 1970 ਨੂੰ ਗੁ: ਸਾਹਿਬ ਰਹੀੜਾ ਪੁਜੋ।

ਨੋਟ :—ਮਲੇਰਕੋਟਲਾ ਤੇ ਅਹਿਮਦਗੜ੍ਹ ਦੇ ਵਿਚਕਾਰ ਰਹੀੜਾ ਰੇਲਵੇ ਸਟੇਸ਼ਨ ਹੈ।

ਪੁਛ ਗਿਛ ਲਈ—ਮਾਸਟਰ ਉਜਾਗਰ ਸਿੰਘ ਜੀ
ਪਿੰਡ ਫਰਵਾਲੀ ਡਾਕ ਘਰ : ਲੋਹਟਬਦੀ. ਜ਼ਿਲਾ ਸੰਗਰੂਰ

## ਧੰਨਵਾਂਦ !

| | | |
|---|---|---|
| ਕਰਮ ਸਿੰਘ ਸਰਵਣ ਸਿੰਘ | 3 | 00 |
| ਇਕ ਗੁਰੂ ਪਿਆਰਾ | 21 | 00 |
| ਸ: ਜਗਤਾਰ ਸਿੰਘ ਮੋਤੀ ਨਗਰ | 11 | 00 |
| ਸ: ਅਮਰਜੀਤ ਸਿੰਘ ਦਾਰਜੀਲਿੰਗ | 10 | 00 |
| ਪ੍ਰਵਾਰ ਸੂਬੇਦਾਰ ਅਮਰੀਕ ਸਿੰਘ (ਸਹਿਜ ਘਰ) ਪਟਿਆਲਾ। | 25 | 00 |
| ਜਥੇਦਾਰ ਕਰਤਾਰ ਸਿੰਘ | 11 | 00 |

## ਲੇਖਕਾਂ ਪ੍ਰਤੀ ਜ਼ਰੂਰੀ ਬੇਨਤੀ

'ਸੂਰਾ' ਦੇ ਸੁਹਿਰਦ ਲੇਖਕਾਂ ਦੀ ਸੇਵਾ ਵਿਚ ਜੋਦੜੀ ਕੀਤੀ ਜਾਂਦੀ ਹੈ ਕਿ ਲੇਖ ਸਾਫ਼ ਸੁਥਰਾ ਤੇ ਕਾਗਜ਼ ਦੇ ਇਕ ਪਾਸੇ ਲਿਖਿਆ ਹੋਣਾ ਚਾਹੀਦਾ ਹੈ, ਨਾਲ ਹੀ ਗੁਰਬਾਣੀ ਦੀਆਂ ਤੁਕਾਂ ਦੀ ਸਧਾਈ ਅਤੇ ਪੰਨਾ ਦੇਣਾ ਜ਼ਰੂਰੀ ਹੈ, ਤਾਕਿ ਲੇਖ ਛਾਪਣ ਵੇਲੇ ਔਖਆਈ ਪੇਸ਼ ਨਾ ਆਵੇ, ਆਸ ਹੈ ਕਿ ਲੇਖਕ ਜਨ ਇਹਨਾਂ ਬੇਨਤੀਆਂ ਵੱਲ ਜ਼ਰੂਰੀ ਧਿਆਨ ਦੇਣਗੇ।

(ਸੰਪਾਦਕ)

**ਕੀਰਤਨ ਰੈਣ ਸਬਾਈ**—ਭਾਈ ਗਿਆਨ ਸਿੰਘ ਜੀ ਸਿੰਦਰੀ ਸੂਚਨਾ ਦੇਂਦੇ ਹਨ ਕਿ 26.8.70 ਨੂੰ ਗੁਰਦਵਾਰਾ ਡਿਗਵਾੜੀ ਵਿਖੇ ਕੀਰਤਨ ਰੈਣਸਬਾਈ ਹੋਇਆ, ਜਿਸ ਵਿਚ ਸਿੰਦਰੀ, ਧਨਬਾਦ, ਡਿਗਵਾੜੀ, ਪਾਥਰਡੀ ਦੇ ਜਥਿਆਂ ਨੇ ਹਿਸਾ ਲਿਆ ਤੇ ਕੀਰਤਨ ਦੀਆਂ ਘੁਮਰਾਂ ਪਾਈਆਂ ਪਾਥਰਡੀ ਦੇ ਗਿ: ਭਗਤ ਸਿੰਘ ਜੀ ਨੇ ਵੀ ਕੀਰਤਨ ਕੀਤਾ। ਅਗੇ ਰੈਣਸਬਾਈ ਮਿਤੀ 16.9.70 ਨੂੰ ਗੁਰਦਵਾਰਾ ਨਾਨਕਪੁਰਾ ਧਨਬਾਦ ਵਿਖੇ ਹੋਵੇਗਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

## ਪਟਿਆਲਾ

ਮਾਸਕ ਪਤ੍ਰ

**ਸਾਲਾਨਾ ਚੰਦਾ**

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ 20 ਰੁਪਏ
ਪ੍ਰਦੇਸ ਹਵਾਈ ਡਾਕ 60 ਰੁਪਏ
ਲਾਈਫ਼ ਮੈਂਬਰ 250 ਰੁਪਏ
ਪ੍ਰਤੀ ਕਾਪੀ 70 ਪੈਸੇ

## ਗੁਰਮਤਿ ਪ੍ਰਚਾਰਕ ਅੱਧ-ਮਾਸਕਪੱਤਰ ਸੂਰਾ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੫ ਸਤੰਬਰ ਮੁਤਾਬਕ ੨੦ ਭਾਦਰੋਂ ੫੦੧ ਨਾਨਕ ਸ਼ਾਹੀ [ ਅੰਕ ੧੪


ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥

(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ)


ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਵਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

# ਨਾਸਤਕਤਾ ਆਸਤਕਾਂ ਹੱਥੋਂ

ਵਲੋਂ :

ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ

ਕਈ ਵਾਰ ਸਾਡੇ ਪ੍ਰਚਾਰਕ ਸਜਣ ਅਪਣੀ ਵਲੋਂ ਪ੍ਰਚਾਰ ਤਾਂ ਕਰਦੇ ਹਨ ਪਰ ਉਸ ਦਾ ਉਲਟਾ ਜਿਹਾ ਅਸਰ ਪੈ ਜਾਂਦਾ ਹੈ। ਹਾਲਾਂ ਕੋਈ ਚੰਗਾ ਕੰਮ ਕਰਨ ਵਾਲਾ ਏਡਾ ਨਿਰਮਾਨ ਨਹੀਂ ਹੋ ਸਕਦਾ ਜੋ ਉਸ ਨੂੰ ਚੰਗਾ ਕੰਮ ਕਰਨ ਦੀ ਪਰੇਰਨਾ ਬਿਨਾਂ ਮਾਨ ਵਡਿਆਈ ਦੇ ਕਰ ਸਕੇ।

ਅਜ ਤਕ ਜਿੰਨੇ ਵੀ ਧਰਮ ਸਥਾਨ, ਸਰਾਵਾਂ, ਮੰਦਰ ਬਣੇ ਹਨ ਬਿਨਾਂ ਮਾਨ ਵਡਿਆਈ ਤੋਂ ਨਹੀਂ ਬਣ ਸਕੇ, ਜਿਨ੍ਹਾਂ ਤੋਂ ਲੱਖਾਂ ਲੋਕਾਂ ਨੂੰ ਆਰਾਮ ਮਿਲਿਆ ਹੋਵੇਗਾ ਤੇ ਕਈਆਂ ਨੇ ਉਤਸ਼ਾਹ ਨਾਲ ਰੀਸ ਕਰਕੇ ਵੀ ਚੰਗਾ ਕੰਮ ਕੀਤਾ ਹੋਵੇਗਾ। ਮਿਸਾਲ ਦੇ ਤੌਰ ਇਕ ਆਦਮੀ ਦੀ ਗੁਰਦਵਾਰੇ ਇਟ ਲਗੀ ਹੈ ਓਸ ਦੇ ਪੁਤਰ ਪੋਤਰੇ ਕਦੇ ਪੜ੍ਹਨਗੇ ਤਾਂ ਉਹਨਾਂ ਦੇ ਮਨ ਵਿਚ ਚਾਓ ਆਵੇਗਾ ਤੇ ਉਹ ਵੀ ਜਤਨ ਕਰਨਗੇ ਸਾਡਾ ਨਾਮ ਵੀ ਲਿਖਿਆ ਜਾਏ ਤਾਂ ਇਹ ਕੋਈ ਪਾਪ ਤਾਂ ਨਹੀਂ ਹੋਵੇਗਾ ਸਗੋਂ ਭਲਾ ਹੀ ਹੋਵੇਗਾ।

ਸਾਡੇ ਪਰਚਾਰਕ ਆਪ ਭਾਵੇਂ ਅਮਲ ਕਰਨ ਜਾਂ ਨਾ ਕਰ ਸਕਣ ਪਰ ਸਟੇਜ ਤੇ ਬੜੇ ਜ਼ੋਰ ਨਾਲ ਏਸ ਸਲੋਕ ਦਾ ਪ੍ਰਚਾਰ ਕਰਦੇ ਵੇਖੇ ਨੇ:—

ਤੀਰਥ ਬਰਤ ਅਰੁ ਦਾਨ ਕਰਿ,
ਮਨ ਮੈ ਧਰੈ ਗੁਮਾਨੁ।
ਨਾਨਕ ਨਿਹਫਲ ਜਾਤ ਤਿਹਿ
ਜਿਉ ਕੁੰਚਰ ਇਸਨਾਨੁ ॥

ਮੈਂ ਗੁਰਬਾਣੀ ਤੇ ਟੀਕਾ ਟਿਪਣੀ ਨਹੀਂ ਕਰ ਸਕਦਾ ਕਿਉਂਕਿ ਗੁਰਬਾਣੀ ਭਿਆਨਕ ਰੋਚਕ ਯਥਾਰਥ ਸਾਰੇ ਪਹਿਲੂਆਂ ਤੇ ਉਚਾਰੀ ਗਈ ਹੈ ਤੇ ਉਹ ਸਾਰੇ ਮਤ ਮਤਾਤਰਾਂ ਵਾਸਤੇ ਉਪਦੇਸ਼ ਦੇਂਦੀ ਹੈ ਇਹ ਠੀਕ ਹੈ ਗੁਮਾਨ ਕਰਨਾ ਮਾੜਾ ਹੈ ਜਿਸ ਵਿਚ 'ਹੰਕਾਰਿਆ ਸੋ ਮਾਰਿਆ' ਵਾਲੀ ਦਿਸ਼ਾ ਬਣ ਜਾਏ। ਸਿਖ ਮਤ ਰਾਜ ਜੋਗੀ ਸੰਤ ਸਿਪਾਹੀ ਮਤ ਹੈ ਤੇ ਏਸ ਨੇ ਇਹਨਾਂ ਪੰਜਾਂ ਦੇ ਨਾਲ ਹੀ ਰਹਿ ਕੇ ਆਪਣਾ ਧਰਮ ਪਾਲਣਾ ਹੈ ਫਰਕ ਹੈ ਸਿਰਫ ਇਤਨਾ ਜੋ ਇਹਨਾਂ ਦੇ ਅਧੀਨ ਹੋ ਕੇ ਰਹਿਣਾ ਪਾਪ ਹੈ ਤੇ ਇਹਨਾਂ ਨੂੰ ਅਧੀਨ ਰਖਣਾ ਪੁੰਨ ਹੈ। ਅਥਵਾ ਇਨ੍ਹਾਂ ਦੇ ਅਧੀਨ ਹੋਣ ਵਾਲਾ ਕਾਇਰ ਹੈ ਇਹਨਾਂ ਨੂੰ ਅਧੀਨ ਰਖਣ ਵਾਲਾ ਸੂਰਮਾ ਬਹਾਦਰ ਹੈ। ਅਸਲ ਵਿਚ ਤਾਂ ਵਾਹਿਗੁਰੂ ਜੀ ਨੇ ਮਨੁਖ ਦੇ ਸੇਵਾਦਾਰ ਬਣਾਏ ਸਨ ਪਰ ਇਹ ਮੂਰਖ ਇਹਨਾਂ ਤੋਂ ਡਰ ਕੇ ਹਥਿਆਰ ਸੁਟ ਬੈਠਾ ਤੇ ਬਣ ਗਿਆ ਏਹਨਾਂ ਦਾ ਸੂਦਾਰ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।
ਓਹ ਜੁਗਤ ਗੁਰੂ ਤੋਂ ਸਿਖਣੀ ਹੈ ਤੇ ਜਦੋਂ ਗੁਰੂ ਦੀ ਦਸੀ ਜੁਗਤ ਨਾ ਕੀਤੀ ਜਾ ਸਕੇ ਤਾਂ ਫੇਰ ਏਹਨਾਂ ਦੇ ਅਧੀਨ ਕਿਸ ਤਰ੍ਹਾਂ ਹੋਣਾ ਹੋਇਆ ਹੁਣ ਦੇਖਣਾ ਹੈ ਜੁਗਤ ਦੀ ਤਾਂ ਕੇਡੀ ਅਚਰਜ ਖੇਡ ਹੈ ਸਭ ਕੁਝ ਕਰਕੇ ਨਿਰਲੇਪ ਰਹਿਣਾ ਹੈ:—

ਮਰਗਾਈ ਨੇਸਾਨੇ

ਤਾਂਤੇ ਵਿਚਾਰ ਦੀ ਲੋੜ ਹੈ ਕਿਸ ਤਰਾਂ ਇਹਨਾਂ ਪੰਜਾਂ ਨਾਲ ਨਜਿਠਿਆ ਜਾਏ :—

ਤੁਸੀ ਭੋਰਿਹੁ ਭੁੰਚਹੁ ਭਾਈਹੋ
ਗੁਰਿ ਦੀਬਾਣਿ ਕਵਾਇ ਪੈਨਾਈਓ।
ਹਉ ਹੋਆ ਮਾਹਰੁ ਪਿੰਡ ਦਾ
ਬੰਨਿ ਆਦੇ ਪੰਜਿ ਸਰੀਕ ਜੀਉ।
ਹਉ ਆਇਆ ਸਾਮੈ ਤਿਹੰਡੀਆ।
ਪੰਜਿ ਕਿਰਸਾਣ ਮੁਜੇਰੇ ਮਿਹਡਿਆ।



www.AKJ.Org

ਕੰਨੁ ਕੋਈ ਕਢਿ ਨ ਹੰਘਈ
ਨਾਨਕ ਵੁਠਾ ਘੁਘਿ ਗਿਰਾਉ ਜੀਉ ।
ਹਉ ਗੋਸਾਈ ਦਾ ਪਹਿਲਵਾਨੜਾ
ਮੈ ਗੁਰ ਮਿਲਿ ਉਚ ਦੁਮਾਲੜਾ
ਸਭ ਹੋਈ ਛਿੰਝ ਇਕਠੀਆ
ਦਯੁ ਬੈਠਾ ਵੇਖੈ ਆਪਿ ਜੀਉ ।
ਵਾਤ ਵਜਨਿ ਟੰਮਕ ਭੇਰੀਆ
ਮਲ ਲਥੇ ਲੈਦੇ ਫੇਰੀਆ ।
ਨਿਹਤੇ ਪੰਜਿ ਜੁਆਨ ਮੈ
ਗੁਰਿ ਥਾਪੀ ਦਿਤੀ ਕੰਡਿ ਜੀਉ ।

ਏਥੇ 'ਮੈਂ' ਹੰਕਾਰ ਤੇ ਨਹੀਂ ਸਗੋਂ ਉਤਸ਼ਾਹ ਹੈ ਏਹਨਾਂ ਪੰਜਾਂ ਨਾਲ ਲੜ ਕੇ ਫ਼ਤਹਿ ਪਾਣੇ ਵਾਲਾ

ਪੰਜਵਾ ਤਤ ਹੰਕਾਰ ਅਕਾਸ਼ ।

ਸਭ ਤੋਂ ਵਡਾ ਸ਼ਤਰੂ ਹੰਕਾਰ ਨੂੰ ਗਿਣਿਆ ਗਿਆ ਹੈ ਏਸਨੂੰ ਦੀਰਘ ਰੋਗ (ਕੋਹੜ) ਮੰਨਿਆ ਹੈ ਤੇ ਹੈ ਵੀ ਠੀਕ ।

ਹਉਮੈ ਦੀਰਘ ਰੋਗ ਹੈ
(ਪਰ) ਦਾਰੂ ਭੀ ਇਸ ਮਾਹਿ ॥

ਪਰ ਏਸਦਾ ਵਾਸਤਾ ਵੀ ਸਰੀਰ ਨਾਲ ਓਨਾਂ ਹੀ ਹੈ ਜਿਨਾਂ ਪੰਜਵੇਂ ਤਤ ਅਕਾਸ਼ ਦਾ ।

ਇਹ ਠੀਕ ਹੈ ਬੜੇ ਬੜੇ ਰਿਖੀ, ਮੁਨੀ, ਤਪੀ ਜਦੋਂ ਹੰਕਾਰ ਦੇ ਕਾਬੂ ਆਏ ਤਾਂ ਨਸ਼ਟ ਕਰ ਬੈਠੇ ਉਮਰਾਂ ਦੀ ਖੱਟੀ ਕਮਾਈ ਗਰਿਸਤੀ ਕੀ, ਤਿਆਗੀ ਕੀ, ਸਾਰੇ ਹੀ ਹੰਕਾਰ ਵਿਚ ਆਣ ਕੇ ।

ਹੁਣ ਵੇਖਣਾ ਹੈ ਸਿਖ ਮਤ ਨਾਲ ਏਸ ਦਾ ਕੀ ਘੋਲ ਹੈ ਤੇ ਏਸ ਸੰਤ ਸਿਪਾਹੀ ਨੇ ਏਸ ਨਾਲ ਕਿਸ ਤਰ੍ਹਾਂ ਵਰਤਣਾ ਹੈ ਤੇ ਏਸ ਤੋਂ ਸੇਵਾ ਕਰਾਣੀ ਹੈ ਮਨੁਖ ਮਾਤਰ ਦੀ, ਤੇ ਬਚਾਣਾ ਹੈ ਜਗਤ ਜਲੰਦੇ ਨੂੰ ਸੂਰਮਾ ਬਣ ਕੇ ।

ਸਭ ਤੋਂ ਪਹਿਲਾਂ ਲੋੜ ਮੰਗਣ ਦੀ—
ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋ ।

ਤੇ ਫੇਰ ਫ਼ਖ਼ਰ ਨਾਲ ਮੰਗਣਾ ਹੈ :

ਨਿਸਚੈ ਕਰ ਆਪਨੀ ਜੀਤ ਕਰੋ ।

ਪਰ ਜੀਤ ਹੋਣ ਤੇ ਏਹ ਆਖਣ ਦੀ ਲੋੜ ਹੈ—

ਭਈ ਜੀਤ ਮੇਰੀ । ਕਿਰਪਾ ਕਾਲ ਕੇਰੀ ।

ਏਥੇ 'ਮੇਰੀ' ਹੰਕਾਰ ਨਹੀਂ ਰਹੇਗਾ ਸਗੋਂ ਸ਼ੁਕਰ ਵਿਚ ਉਤਸ਼ਾਹ ਪੈਦਾ ਕਰੇਗਾ ।

ਕਬੀਰ ਜੀ ਕਿਸ ਤਰ੍ਹਾਂ ਉਤਸ਼ਾਹ ਭਰੇ ਫ਼ਖ਼ਰ ਨਾਲ ਆਖਦੇ ਨੇ—

ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ
ਪਕਰਿਓ ਗਢ ਕੋ ਰਾਜਾ ।

ਦਾਸੁ ਕਮੀਰੁ ਚੜਿਓ ਗੜ ਊਪਰਿ
ਰਾਜੁ ਲੀਓ ਅਬਿਨਾਸੀ ।

ਸਗੋਂ— ਅਬ ਤੌ ਜਾਏ ਚੜਿਓ ਸੰਘਾਸਨ
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ।

ਨਾਮਦੇਵ ਜੀ ਫ਼ਖ਼ਰ (ਮਾਣ) ਨਾਲ ਆਖਦੇ ਹਨ—

ਨਾਮੇ ਨਾਰਾਇਨ ਨਾਹੀ ਭੇਦ ।

ਅਨੇਕਾਂ ਉਦਾਹਰਨਾਂ ਹਨ ਜੋ ਕਿਸੇ ਪਰਾਪਤੀ ਤੇ ਉਤਸ਼ਾਹਤ ਹੋ ਕੇ ਆਖੇ ਜਾ ਸਕਦੇ ਹਨ । ਏਹ ਹੰਕਾਰ ਤਾਂ ਨਹੀਂ ਹੁੰਦਾ, ਸਗੋਂ ਦੂਜਿਆਂ ਨੂੰ ਚੰਗੇ ਕੰਮ ਕਰਨ ਦਾ ਉਤਸ਼ਾਹ ਮਿਲਦਾ ਹੈ । ਮੈਂ ਵੀ ਚੰਗਾ ਕੰਮ ਕਰਾਂ ਤੇ ਮੇਰੀ ਵੀ ਜਗਤ ਵਿਚ ਵਡਿਆਈ ਹੋਵੇ ਏਹ ਹੋਣਾ ਵੀ ਜ਼ਰੂਰੀ ਹੈ । ਜਦੋਂ ਕੋਈ ਬੁਰਾ ਕਰਮ ਕਰਕੇ ਸ਼ਰਮਿੰਦਾ ਹੁੰਦਾ ਹੈ ਤਾਂ ਚੰਗਾ ਕਰਨ ਵਾਲਾ ਖ਼ੁਸ਼ੀ ਕਿਉਂ ਨਾ ਕਰੇ ।

ਮੰਨ ਲਿਆ ਜਾਏ ਕਿਸੇ ਨੇ ਅਖੰਡ ਪਾਠ ਕਰਾਕੇ ਹੰਕਾਰ ਕਰ ਲਿਆ ਹੋਵੇ ਤੇ ਓਸ ਨੂੰ ਕੋਈ ਫਲ ਨਾ ਲਗਦਾ ਹੋਵੇ ਪਰ ਤਿੰਨ ਦਿਨ ਜਿਨ੍ਹਾਂ ਲੋਕਾਂ ਦੇ ਕੰਨੀਂ ਗੁਰਬਾਣੀ ਦਾ ਪਾਠ ਪਿਆ, ਜਿਨ੍ਹਾਂ ਪਾਠੀਆਂ ਦੀ ਸੇਵਾ ਹੋਈ, ਕਿਸੇ ਨਾ ਕਿਸੇ ਨੂੰ ਪ੍ਰਸਾਦ ਹੀ ਮਿਲ ਗਿਆ ਹੋਵੇ ਕਿਸੇ ਗਰੀਬ ਨੂੰ ਲਜੋਂ ਕਲਜੋਂ ਰੋਟੀ ਖਵਾ ਘਤੀ ਹੋਵੇ ਇਤਿ ਆਦਿਕ ਜੇਕਰ ਏਨੇ ਜੀਵਾਂ ਨੂੰ ਕੁਝ ਨਾ ਕੁਝ ਲਾਭ ਪੁਜਾ ਹੋਵੇ ਤੇ ਬੇਸ਼ਕ ਕਰਾਣ ਵਾਲੇ ਨੂੰ ਕੋਈ ਫਲ ਨਾ ਮਿਲੇ ਫੇਰ ਵੀ ਕੰਮ ਤਾਂ ਚੰਗਾ ਹੈ । ਘਿਓ ਵਾਲਾ ਭਾਂਡਾ ਖਾਲੀ ਕੀਤਿਆਂ ਵੀ ਥਿੰਦਾ ਰਹਿੰਦਾ ਹੈ ।



www.AKJ.Org

ਤੇ ਜੇਕਰ ਓਹੀ ਰੁਪੈ ਖਰਚ ਕੇ ਕਿਸੇ ਨੇ ਨਾਚੀਆਂ ਸੱਦ ਕੇ ਗੰਦ ਬਕਵਾਸ ਬੋਲ ਬੁਲਾ ਕੇ ਸ਼ਰਾਬ ਦੀਆਂ ਬੋਤਲਾਂ ਖਾਲੀ ਕਰਕੇ ਗੰਦੇ ਤੋਂ ਗੰਦੇ ਗੀਤ ਸੁਣਾ ਕੇ ਖਰਚ ਕੀਤਾ ਹੈ ਤਾਂ ਓਸ ਦਾ ਫਲ ਓਸ ਨੂੰ ਚੰਗਾ ਕਿਵੇਂ ਮਿਲੇਗਾ ? ਜਿਸਨੇ ਕਈ ਆਤਮਾਂ ਅਪਵਿਤਰ ਤੇ ਕਈ ਅੱਖਾਂ ਨੂੰ ਭਰਿਸ਼ਟ ਕਰਵਾਇਆ ਹੈ ਭਾਵੇਂ ਕੋਈ ਘਰ ਵਿਚ ਜਾਂ ਪੜੋਸੀ ਦੁਖੀ ਵੀ ਹੋਇਆ ਹੋਵੇ ਓਸ ਦੇ ਕਾਰੇ ਤੋਂ ਜਾਂ ਕੋਈ ਰੋਗੀ ਰੋਂਦਾ ਰਿਹਾ ਹੋਵੇ ਓਹਦੀ ਜਾਨ ਨੂੰ, ਡਰਾਇਆ ਜਾਂਦਾ ਹੈ ਰਹਿਤ ਰਖਣ ਦੇ ਡਰਾਵੇ ਦੇ ਕੇ ਪਰਚਾਰਕਾਂ ਵਲੋਂ ਹਾਲਾਂ । ਅੰਮ੍ਰਿਤ ਛਕਣਾ ਗੁਰੂ ਦਾ ਪੁਤਰ ਬਣਨਾ ਹੈ ਤੇ ਪੁਤਰਾਂ ਦੇ—

ਸੁਤੁ ਅਪਰਾਧ ਕਰਤ ਹੈ ਜੇਤੇ ।
ਜਨਨੀ ਚੀਤਿ ਨ ਰਖਸਿ ਤੇਤੇ ।

ਗੁਰੂ ਬਖਸ਼ਿੰਦ ਨਿਕੀਆਂ ਨਿਕੀਆਂ ਭੁਲਾਂ ਮਾਫ ਵੀ ਕਰ ਸਕਦਾ ਹੈ ਤੇ ਅੰਮ੍ਰਿਤਧਾਰੀ ਭੁਲ ਕਰਨ ਤੋਂ ਕੁਝ ਡਰ ਵੀ ਖਾਂਦਾ ਹੈ ਤੇ ਸ਼ਰਮ ਵੀ ਕਰਦਾ ਹੈ ਤੇ ਜੇਕਰ ਅੰਮ੍ਰਿਤ ਛਕੇ ਹੀ ਨਾ ਤੇ ਓਸ ਦਾ ਕੀ ਬਣੇ ਏਹ ਕੇਡਾ ਪਾਪ ਹੈ ਜੋ ਡਰਾ ਡਰਾ ਕੇ ਲੋਕਾਂ ਨੂੰ ਅੰਮ੍ਰਿਤ ਤੋਂ ਹੀ ਨਫਰਤ ਕਰਾਈ ਜਾਂਦੀ ਹੈ । ਲੋੜ ਹੈ ਕਰਨੀ ਵਾਲੇ ਰਹਿਤ ਬਹਿਤ ਵਿਚ ਪਕੇ ਪੰਜ ਪਿਆਰੇ ਅੰਮ੍ਰਿਤ ਛਕਾਣ ਤੇ ਕਦੇ ਨਹੀਂ ਹੋ ਸਕਦਾ ਫੇਰ ਓਹ ਸਿਖ ਏਵੇਂ ਹੀ ਭੁਲਾਂ ਕਰਦਾ ਫਿਰੇਗਾ ਤੇ ਜੇਕਰ ਕਰੇਗਾ ਤਾਂ ਗੁਰੂ ਤੇ ਆਪਣਿਆਂ ਦਾ ਸਦਾ ਅੰਗ ਸੰਗ ਰਹਿੰਦਾ ਹੈ ।

ਤਾਂਤੇ ਵੀਰੋ ਭੈਣੋ ਪਰਚਾਰਕਾਂ ਦੇ ਡਰਾਵੇ ਸੁਣ ਕੇ ਅੰਮ੍ਰਿਤ ਤੋਂ ਵਾਂਜੇ ਨਾ ਰਹਿ ਜਾਣਾ । ਗੁਰੂ ਦੇ ਪੁਤਰ ਧੀਆਂ ਬਣੋ, ਗੁਰੂ ਬਖਸ਼ਿੰਦ ਹੈ ਆਪੇ ਸੋਝੀ ਦੇਵੇਗਾ ਤੇ ਅਪਣੇ ਬਿਰਦ ਦੀ ਆਪ ਹੀ ਲਾਜ ਰਖੇਗਾ । ਜਿਹੜਾ ਗੁਰੂ ਜੋਗਾ ਸਿੰਘ ਵਾਸਤੇ ਵੇਸਵਾ ਦੇ ਘਰ ਪਹਿਰੇ ਦੇ ਸਕਦਾ ਹੈ ਉਹ ਸਾਨੂੰ ਵੀ ਬਚਾ ਲਵੇਗਾ ਜਦੋਂ ਅਸੀਂ ਵੀ ਹੋ ਜਾਵਾਂਗੇ ਗੁਰੂ ਜੋਗੇ ।

———


## ਸਾਡੀ ਸੇਵਾ ਤੋਂ ਲਾਭ ਉਠਾਉ !

ਹਰ ਕਿਸਮ ਦੀ ਵਧੀਆ ਤੇ ਸਸਤੀ ਛਪਾਈ ਲਈ ਸਦਾ ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਨੂੰ ਯਾਦ ਰਖੋ ।

ਮੈਨੇਜਰ—ਸੂਰਾ ਪ੍ਰੈਸ, ਪਟਿਆਲਾ ।


## ਪਿੰਡ ਨਾਰੰਗਵਾਲ ਵਿਖੇ ਭਾਰੀ ਸਮਾਗਮ

ਸਰਬਤ ਸੰਗਤਾਂ ਨੂੰ ਜੋਦੜੀ ਕੀਤੀ ਜਾਂਦੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦਾ ਗੁਰਪੁਰਬ 24-25 ਤੇ 26 ਸਤੰਬਰ 1970 ਨੂੰ ਨਾਰੰਗਵਾਲ ਵਿਖੇ ਗੁ: ਸਾਹਿਬ ਅਕਾਲੀ ਵਾਲਾ ਵਿਖੇ ਮਨਾਇਆ ਜਾ ਰਿਹਾ ਹੈ । ਸਰਬਤ ਸੰਗਤਾਂ ਹੇਠ ਦਿਤੇ ਪ੍ਰੋਗ੍ਰਾਮ ਅਨੁਸਾਰ ਦਰਸ਼ਨ ਬਖਸ਼ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ।

### * ਪ੍ਰੋਗ੍ਰਾਮ *

**24 ਸਤੰਬਰ ਨੂੰ ਅਰੰਭ ਸ੍ਰੀ ਅਖੰਡ ਪਾਠ । 26 ਸਤੰਬਰ ਭੋਗ ਸ੍ਰੀ ਅਖੰਡ ਪਾਠ ਉਪ੍ਰੰਤ ਕੀਰਤਨ ਆਸਾ ਦੀ ਵਾਰ 26 ਸਤੰਬਰ ਨੂੰ ਰਾਤ ਦੇ 9 ਵਜੇ ਅਰੰਭ ਕੀਰਤਨ ਰੈਣਸਬਾਈ । ਜਿਸਦੀ ਸਮਾਪਤੀ 27 ਸਤੰਬਰ ਸਵੇਰੇ ਹੋਵੇਗਾ ।**

ਨੋਟ :—ਅੰਮ੍ਰਿਤ ਸੰਚਾਰ ਸਮਾਗਮ ਵੀ ਹੋਵੇਗੀ ।

ਸੰਗਤਾਂ ਦਾ ਦਾਸ—
ਨਰਾਇਣ ਸਿੰਘ, ਗੁ: ਅਕਾਲੀ ਵਾਲਾ
ਪਿੰਡ ਨਾਰੰਗਵਾਲ, ਜ਼ਿਲਾ ਲੁਧਿਆਣਾ ।



www.AKJ.Org

# ਮਾਇਆ ਦਾ ਪ੍ਰਭਾਵ ਤੇ ਇਸ ਤੋਂ ਛੁਟਕਾਰਾ

ਵਲੋਂ :

ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ

ੴ ਸਤਿਗੁਰ ਪ੍ਰਸਾਦਿ ॥

'ਜਿਨਿ ਲਾਈ ਪ੍ਰੀਤ ਸੋਈ ਫਿਰਿ ਖਾਇਆ ॥ ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ । ਭਾਈ ਮੀਤ ਕੁਟੰਬ ਦੇਖਿ ਬਿਬਾਦੇ । ਹਮ ਆਈ ਵਸਗਤਿ ਗੁਰ ਪਰਸਾਦੇ ।੧। ਐਸਾ ਦੇਖਿ ਬਿਮੋਹਿਤ ਹੋਏ । ਸਾਧਿਕ ਸਿਧ ਸੁਰ ਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ ।੧।ਰਹਾਉ। ਇਕਿ ਫਿਰਹਿ ਉਦਾਸੀ ਤਿਨ ਕਾਮਿ ਵਿਆਪੈ । ਇਕਿ ਸੰਚਹਿ ਗਿਰਹੀ ਤਿਨ ਹੋਇ ਨ ਆਪੈ । ਇਕ ਸਤੀ ਕਹਾਵਹਿ ਤਿਨੁ ਬਹੁਤੁ ਕਲਪਾਵੈ । ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ। ਤਪੁ ਕਰਤੇ ਤਪਸੀ ਭੂਲਾਏ । ਪੰਡਿਤ ਮੋਹੇ ਲੋਭਿ ਸਬਾਏ । ਤ੍ਰੈ ਗੁਣ ਮੋਹੇ ਮੋਹਿਆ ਆਕਾਸੁ । ਹਮ ਸਤਿਗੁਰ ਰਾਖੇ ਦੇ ਕਰਿ ਹਾਥੁ । ੩ । ਗਿਆਨੀ ਕੀ ਹੋਇ ਵਰਤੀ ਦਾਸਿ । ਕਰ ਜੋੜੇ ਸੇਵਾ ਕਰੇ ਅਰਦਾਸਿ । ਜੋ ਤੂੰ ਕਹਹਿ ਸੋ ਕਾਰ ਕਮਾਵਾ । ਜਨ ਨਾਨਕ ਗੁਰਮੁਖ ਨੇੜਿ ਨ ਆਵਾ ।

ਇਸ ਗੁਰਵਾਕ ਦੁਆਰਾ ਜੋਗੀ ਗਿਰਹੀ ਤਪੱਸੀ ਉਦਾਸੀ ਆਦਕ ਸਾਰੇ ਆਨਮਤ ਭੇਖਾਂ ਦਾ ਖੰਡਨ ਕੀਤਾ ਗਿਆ ਹੈ ਇਥੇ ਗੁਰਮਤਿ ਮੰਡਨ ਦਰਸਾਇਆ ਗਿਆ ਹੈ। ਮਾਇਆ ਵਡੇ ਵਡੇ ਕਰਮੀਆਂ, ਧਰਮੀਆਂ ਨੂੰ ਆ ਚਿਮੜਦੀ ਹੈ, ਆਨਮਤ ਕਰਮੀਆਂ ਨੂੰ ਆਣ ਚਿਮੜਦੀ ਹੈ ਕੇਵਲ ਗੁਰਮਤਿ ਮਾਰਗੀ ਗੁਰਮੁਖ ਜਨ ਹੀ ਇਸ ਡਾਇਣ ਤੋਂ ਬਚਦੇ ਹਨ, ਨਹੀਂ ਤਾਂ ਜਿਸ ਪੁਰਸ਼ ਨੇ ਭੀ ਮਾਇਆ ਨਾਲ ਪ੍ਰੀਤ ਲਾਈ ਹੈ, ਉਹ ਉਸੇ ਨੂੰ ਖਾ ਜਾਂਦੀ ਹੈ, ਜਿਸ ਕਿਸੇ ਨੇ ਭੀ ਇਸ ਮਾਇਆ ਦਾ ਆਦਰ ਕੀਤਾ ਹੈ ਤਿਸੇ ਨੂੰ ਹੀ ਇਸ ਡੈਣ ਮਾਇਆ ਨੇ ਭੈ ਭੀਤਨੀ ਦੰਦ ਦਿਖਾਏ ਹਨ, ਸੰਸਾਰੀ ਭਾਈ ਕੁਟੰਬੀ ਇਸ ਬਪੁਰੀ ਮਾਇਆ ਦੇ ਪਿਛੇ ਲਗ ਕੇ ਆਪਸ ਵਿਚ ਹੀ ਲੜਦੇ ਝਗੜਦੇ ਫਿਰਦੇ ਹਨ । ਸੋਈ ਗੁਰਮੁਖ ਜਨ ਇਸ ਤੋਂ ਬਚਦੇ ਹਨ, ਜਿਨਾਂ ਉਤੇ ਗੁਰੂ ਦੀ ਕ੍ਰਿਪਾ ਪ੍ਰਸਾਦਿ ਦੇ ਕਾਰਨ ਗੁਰਮਤ ਮਤਿ ਦ੍ਰਿੜ੍ਹ ਹੋਣ ਦੀ ਕ੍ਰਿਪਾ ਹੁੰਦੀ ਹੈ; ਤਿਨਾਂ ਗੁਰਮਤ ਮਾਰਗੀ ਗੁਰਮੁਖ ਜਨਾਂ ਦੇ ਤਾਂ ਇਹ ਲੋਕਾਂ ਨੂੰ ਭਰਮਾਉਣ ਵਾਲੀ ਮਾਇਆ ਸਗੋਂ ਵਗਸਤ ਆ ਜਾਂਦੀ ਹੈ, ਮਾਇਆ ਐਸੀ ਮੋਹਿਣੀ ਅਤੇ ਛਲਣ ਵਾਲੀ ਹੈ ਕਿ ਇਸ ਨੂੰ ਵੇਖ ਕੇ ਸਾਰੇ ਲੋਗ ਹੀ ਮੋਹੇ ਜਾਂਦੇ ਹਨ, ਇਹ ਜਿਹੜੇ ਸਾਧਿਕ ਸਿਧ ਕਮਾਈਆਂ ਕਰਨ ਵਾਲੇ ਸੁਰ ਦੇਵ ਮਨੁਖ ਅਨਮਤੀ ਲੋਗ ਹਨ ਸਾਰੇ ਹੀ ਇਸ ਠਗਣੀ ਮਾਇਆ ਨੇ ਠਗ ਲਏ ਹਨ ਇਸ ਦੇ ਧਰੋਹੇ ਹੋਏ ਤਾਬ ਨਹੀਂ ਲਿਆ ਸਕਦੇ, ਕੇਵਲ ਉਹ ਹੀ ਗੁਰਮਤਿ ਮਾਰਗੀ ਗੁਰਮੁਖ ਜਨ ਇਸ ਤੋਂ ਬਚਦੇ ਹਨ ਜਿਨ੍ਹਾਂ ਨੇ ਸਚੇ ਸਾਧੂ ਸਤਿਗੁਰੂ ਮਹਾਰਾਜ ਜੀ ਤੋਂ ਗੁਰ ਦੀਖਿਆ ਲਈ ਹੈ, ਇਹ ਜੋ ਉਦਾਸੀ ਦਾ ਭੇਖ ਧਾਰੀ ਫਿਰਦੇ ਹਨ ਪਾਖੰਡੀ ਜਨ, ਅਤੇ ਗੁਰਮਤਿ ਵਾਲਾ ਸੁਚਾ ਭੇਖ ਧਾਰਨ ਨਹੀਂ ਕਰਦੇ ਤਿਨ੍ਹਾਂ ਨੂੰ ਇਹ ਮਾਇਆ ਕਾਮ ਦੀ ਸ਼ਕਲ ਧਾਰ ਕੇ ਆ ਚਿੰਮੜਦੀ ਹੈ। ਇਕ ਜਿਹੜੇ ਗ੍ਰਸਤੀ ਬਣ ਕੇ ਬਿਨਾਂ ਗੁਰਮਤਿ ਮਾਰਗ ਉਤੇ ਚਲੇ ਤੇ ਇਸ ਮਾਇਆ ਨੂੰ ਸੰਚਨ (ਇਕਤ੍ਰ) ਕਰਨ ਵਿਚ ਦਿਨ ਰਾਤ ਖਚਤ ਰਹਿੰਦੇ ਹਨ ਉਹਨਾਂ ਦੀ ਭੀ ਇਹ ਮਾਇਆ ਆਪਣੀ ਨਹੀਂ ਬਣਦੀ ਸਗੋਂ ਧੋਖਾ ਹੀ ਦੇ ਜਾਂਦੀ ਹੈ ਇਕ ਐਸੇ ਭੀ ਲੋਕ ਹਨ ਜੋ ਆਪਣੇ



www.AKJ.Org

ਆਪ ਨੂੰ ਸਤੀ ਅਖਵਾਉਂਦੇ ਹਨ, ਤਿਨ੍ਹਾਂ ਨੂੰ ਭੀ ਇਹ ਮਾਇਆ ਪਰਬਲ ਹੋ ਕੇ ਕਲਪਾਉਂਦੀ ਹੈ ਅਤੇ ਦੁਖ ਪੁਚਾਉਂਦੀ ਹੈ, ਕੇਵਲ ਤਿਨ੍ਹਾਂ ਗੁਰਮੁਖ ਜਨਾਂ ਦੀ ਹੀ ਇਸ ਮਾਇਆ ਨਾਗਣ ਤੋਂ ਰਖਿਆ ਹੁੰਦੀ ਹੈ ਜੋ ਸਚੇ ਸਤਿਗੁਰ ਤੋਂ ਦੀਖਿਆ ਲੈ ਕੇ ਸਚੇ ਗੁਰਸਿਖ ਬਣਦੇ ਹਨ ਅਤੇ ਗੁਰਮਤਿ ਨਾਮ ਦੀਆਂ ਕਮਾਈਆਂ ਕਰਦੇ ਹਨ। ਇਸ ਬਪੁੜੀ ਮਾਇਆ ਨੇ ਕਈ ਵੇਸ ਧਾਰਨ ਕਰਕੇ ਤਪ ਕਰਦਿਆਂ ਤਪਸਵੀ ਜਨਾਂ ਨੂੰ ਭੀ ਰੁਲਾਇਆ ਤੇ ਭੁਲਾਇਆ ਹੈ ਅਤੇ ਤਿਨ੍ਹਾਂ ਅਨਮਤੀ ਤਪੀਸ਼ਰਾਂ ਦੇ ਤਪ ਨੂੰ ਭੰਗ ਕੀਤਾ ਹੈ, ਬੜੇ ਬੜੇ ਪੰਡਤ ਗਿਆਨੀ ਗੁਣੀ ਕਹਾਵਣ ਵਾਲੇ ਅਨਮਤੀ ਜਨ ਭੀ ਸਾਰੇ ਦੇ ਸਾਰੇ ਹੀ ਇਸ ਮਾਇਆ ਨੇ ਮੋਹ ਅਤੇ ਲੁਭਾਇ ਲਏ ਹਨ, ਗਲ ਕੀ ਇਸ ਧਰਤੀ ਦੇ ਉਪਰ ਰਹਿਣ ਵਾਲੇ ਸਾਰੇ ਹੀ ਤ੍ਰੈਗੁਣੀ ਜੀਵ ਮਾਇਆ ਦੇ ਹਥੋਂ ਮੋਹੇ ਗਏ ਹਨ ਅਤੇ ਆਕਾਸ਼ ਉਤੇ ਰਹਿਣ ਦੀ ਰਿਹਾਇਸ਼ ਨੂੰ ਤਸੱਵਰ ਕਰਨ ਵਾਲੇ ਦੇਵ ਲੋਕ ਭੀ ਇਸ ਮਾਇਆ ਨੇ ਮੋਹ ਲਏ ਹਨ, ਕੇਵਲ ਉਹ ਗੁਰਮੁਖ ਜਨ ਹੀ ਇਸ ਬਹੁ ਰੰਗਨੀ ਮਾਇਆ ਦੇ ਦੁਵੇੜ ਤੋਂ ਬਚੇ ਹਨ ਜਿਨ੍ਹਾਂ ਨੂੰ ਸਤਿਗੁਰੂ ਨੇ ਅਪਣਾ ਹਥ ਦੇ ਕੇ ਬਚਾਇਆ ਹੈ ਐਸੇ ਬਚੇ ਰਹਿਣ ਵਾਲੇ ਲੋਕ ਕੇਵਲ ਗੁਰਮਤਿ ਮਾਰਗੀ ਗੁਰਮੁਖ ਜਨ ਹੀ ਹਨ ਜੋ ਖਿਨ ਖਿਨ ਸਤਿਗੁਰੂ ਦੁਆਰਿਓਂ ਪ੍ਰਾਪਤ ਹੋਈ ਗੁਰਦੀਖਿਆ ਦੀਆਂ ਕਮਾਈਆਂ ਕਰਦੇ ਹਨ। ਅਜੇਹੇ ਗਰਮੁਖ ਗਿਆਨੀਆਂ ਦੀ ਇਹ ਮਾਇਆ ਸਗੋਂ ਦਾਸੀ ਹੋ ਕੇ ਵਰਤਦੀ ਹੈ ਅਤੇ ਉਹਨਾਂ ਦੇ ਅਗੇ ਪਿਛੇ ਹਥ ਜੋੜੀ ਫਿਰਦੀ ਹੈ ਅਤੇ ਹਥ ਜੋੜ ਕੇ ਅਰਦਾਸ ਕਰਦੀ ਹੈ ਕਿ ਜੋ ਤੁਸੀਂ ਕਹੋਗੇ ਉਹ ਹੀ ਕਾਰ ਕਰੂੰਗੀ ਤੇ ਗੁਰਮੁਖਾਂ ਗੁਰਸਿਖਾਂ ਦੇ ਨੇੜੇ ਨਹੀਂ ਆਵਾਂਗੀ (ਗੁਰੂ ਘਰ ਦੇ) ਗੁਰਮੁਖਾਂ (ਗੁਰੂ ਨਾਨਕ ਪੰਥੀਆਂ) ਦੇ ਨਾਂ ਨੇੜੇ ਢੁਕਾਂਗੀ।

ਗਲ ਕੀ ਇਸ ਬਹੁ ਰੂਪ ਦਿਖਾਣੀ ਮਾਇਆ ਨੇ ਕਿਸੇ ਭੀ ਭੇਖੀ, ਅਨਮਤੀ, ਪਾਖੰਡੀ, ਤੀਰਥ ਵਾਸੀ, ਜੋਗੀ, ਸੰਨਿਆਸੀ ਨੂੰ ਨਹੀਂ ਛਡਿਆ, ਨਾ ਹੀ ਕਿਸੇ ਸ਼ਾਸਤਰ, ਸਿਮਰਤ, ਬੇਦ ਅਭਿਆਸੀਆਂ ਨੂੰ ਛਡਿਆ ਹੈ ਉਹ ਬਥੇਰਾ ਸਿਮਰਤ, ਸ਼ਾਸਤਰ ਪੜ੍ਹ ਕਰਕੇ ਅਤੇ ਵੇਦਾਂ ਦਾ ਪਾਠ ਕਰ ਕਰ ਕੇ ਥਕ ਗਏ। ਕੇਵਲ ਗੁਰਮੁਖ ਅਭਿਆਸੀ ਜਨਾਂ ਦਾ ਹੀ ਇਸ ਤੋਂ ਛੁਟਕਾਰਾ ਹੋਇਆ ਹੈ ਜਿਨ੍ਹਾਂ ਨੇ ਸਤਿਗੁਰੂ ਤੋਂ ਸਚਾ ਉਪਦੇਸ਼ ਲੈ ਕੇ ਗੁਰਮੰਤਰ ਗੁਰਦੀਖਿਆ ਨੂੰ ਦ੍ਰਿੜ ਕਰਕੇ ਪੂਰੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤੀ ਹੈ ਯਥਾ—

"ਧੁਰ ਕੀ ਭੇਜੀ ਆਈ ਆਮਰਿ। ਨਉਖੰਡ ਜੀਤੇ ਸਭਿ ਥਾਨ ਥਨੰਤਰ। ਤਟਿ ਤੀਰਥਿ ਨ ਛੋਡੇ ਜੋਗ ਸੰਨਿਆਸ। ਪੜਿ ਥਾਕੇ ਸਿਮ੍ਰਿਤ ਬੇਦ ਅਭਿਆਸ। ਜਹ ਬੈਸਉ ਤਹ ਨਾਲੇ ਬੈਸੈ। ਸਗਲ ਭਵਨ ਮਹਿ ਸਬਲ ਪ੍ਰਵੇਸੈ। ਹੋਛੀ ਸਰਣਿ ਪਇਆ ਰਹਣੁ ਨ ਪਾਈ। ਕਹੁ ਮੀਤਾ ਹਉ ਕੈ ਪਹਿ ਜਾਈ। ਸੁਣਿ ਉਪਦੇਸੁ ਸਤਿਗੁਰ ਪਹਿ ਆਇਆ। ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ। ਨਿਜ ਘਰਿ ਵਸਿਆ ਗੁਣ ਗਾਇ ਅਨੰਤਾ॥ ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ।"

## ਪਖੰਡ ਕਿਰਿਆ ਦਾ ਖੰਡਨ

ਆਸਾ ਮਹਲਾ ੫ ॥

ਦਾਨਿ ਦੇਇ ਕਰਿ ਪੂਜਾ ਕਰਨਾ। ਲੈਤ ਦੇਤ ਉਨੁ ਮੂਕਰਿ ਪਰਨਾ। ਜਿਤੁ ਦਰਿ ਤੁਮ ਹੈ ਬ੍ਰਾਹਮਣ ਜਾਣਾ। ਤਿਤੁ ਦਰਿ ਤੂੰ ਹੀ ਹੈ ਪਛੁਤਾਣਾ। ੧। ਐਸੇ ਬ੍ਰਾਹਮਣ ਡੂਬੇ ਭਾਈ। ਨਿਰਾਪਰਾਧ ਚਿਤਵਹਿ ਬੁਰਿਆਈ। ੧। ਰਹਾਉ। ਅੰਤਰਿ ਲੋਭੁ ਫਿਰਹਿ ਹਲਕਾਏ। ਨਿੰਦਾ ਕਰਹਿ ਸਿਰਿ ਭਾਰੁ ਉਠਾਏ। ਮਾਇਆ ਮੂਠਾ ਚੇਤੈ ਨਾਹੀ। ਭਰਮੇ ਭੂਲਾ ਬਹੁਤੀ ਰਾਹੀ। ਬਾਹਰਿ ਭੇਖ ਕਰਹਿ ਘਨੇਰੇ। ਅੰਤਰਿ ਬਿਖਿਆ ਉਤਰੀ ਘੇਰੇ। ਅਵਰ ਉਪਦੇਸੈ ਆਪਿ ਨ ਬੂਝੈ। ਐਸਾ ਬ੍ਰਾਹਮਣੁ ਕਹੀ ਨ ਸੀਝੈ। ਮੂਰਖ ਬਾਹਮਣ ਪ੍ਰਭੂ ਸਮਾਲਿ। ਦੇਖਤ ਸੁਨਤ ਤੇਰੈ ਹੈ ਨਾਲਿ। ਕਹੁ ਨਾਨਕ ਜੇ ਹੋਵੀ ਭਾਗੁ। ਮਾਨੁ ਛੋਡਿ ਗੁਰਚਰਣੀ ਲਾਗ।

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਲੋਕ



www.AKJ.Org

ਪ੍ਰਚਲਤ ਬਾਹਮਣੀ ਮਤ ਦਾ ਖੰਡਣ ਕੀਤਾ ਹੈ ਅਤੇ ਪਾਖੰਡ ਨੂੰ ਖੂਬ ਉਘਾੜਿਆ ਹੈ। ਅਨਰਸ ਵਾਲੇ ਪੁਰਖ ਦਾ ਨਮੂਨਾ ਇਕ ਬ੍ਰਾਹਮਣ ਲਿਆ ਹੈ, ਬ੍ਰਾਹਮਣਾਂ ਨੂੰ ਲੋਗ ਦਾਨ ਦੇ ਕੇ ਪੂਜਾ ਕਰਦੇ ਹਨ ਪਰ ਉਹ ਲੈ ਦੇ ਕੇ ਮੁਕਰ ਜਾਂਦੇ ਹਨ, ਦਾਨ ਲੈਣਾ ਆਪਣਾ ਹੱਕ ਮੰਨਦੇ ਹਨ ਅਤੇ ਲੋਕਾਂ ਦਾ ਅਹਿਸਾਨ ਨਹੀਂ ਮੰਨਦੇ, ਪਰ ਇਹ ਨਹੀਂ ਜਾਣਦੇ ਕਿ ਧੁਰ ਦਰਗਾਹੇ ਉਹਨਾਂ ਨੂੰ ਪੂਰਾ ਲੇਖਾ ਦੇਣਾ ਪਵੇਗਾ ਅਤੇ ਪਛੋਤਾਣਾ ਪਵੇਗਾ, ਅਜੇਹੇ ਬ੍ਰਾਹਮਣ ਅਗੇ ਜਾ ਕੇ ਜ਼ਰੂਰ ਡੁਬਣਗੇ ਕਿਉਂਕਿ ਉਹ ਨਿਰ ਅਪਰਾਧ ਪੁਰਸ਼ਾਂ ਦੀ ਸਦਾ ਬੁਰਿਆਈ ਹੀ ਚਿਤਵਦੇ ਹਨ ਯਥਾ :—

'ਅੰਤਰਿ ਲੋਭਿ ਹਲਕੁ ਦੁਖੁ ਭਾਰੀ
ਬਿਨੁ ਬਬੇਕ ਭਰਮਾਈ।'

ਜੋ ਉਲਟੀ ਨਿੰਦਾ ਕਰ ਕਰ ਕੇ ਆਪਣੇ ਸਿਰ ਤੇ ਹੋਰ ਭਾਰ ਚੜ੍ਹਾਉਂਦੇ ਹਨ ਐਸਾ ਲੋਭੀ ਅਤੇ ਨਿੰਦਕ ਬ੍ਰਾਹਮਣ ਮਾਇਆ ਦਾ ਮੁਠਿਆ ਹੋਇਆ ਈਸ਼ਵਰ ਪ੍ਰਮਾਤਮਾ ਨੂੰ ਤਾਂ ਚੇਤਦਾ ਹੀ ਨਹੀਂ, ਸਗੋਂ ਅਨਿਕ ਪ੍ਰਕਾਰ ਦੀਆਂ ਕੁਮੱਤੜੀਆਂ ਵਿਚ ਲਗਿਆ ਹੋਇਆ ਭਰਮਾਂ ਵਿਚ ਹੀ ਭੁਲਿਆ ਫਿਰਦਾ ਹੈ, ਅੰਤਰ ਗਤ ਤਾਂ ਮਾਇਆ ਰੂਪੀ ਭਿਖਿਆ ਦਾ ਲਿਬੜਿਆ ਹੁੰਦਾ ਹੈ, ਅਤੇ ਬਾਹਰਵਾਰ ਭੇਖ ਪਾਖੰਡ ਘਨੇਰੇ ਹੈ, ਲੋਕਾਂ ਨੂੰ ਉਪਦੇਸ਼ਦਾ ਹੈ ਅਤੇ ਆਪ ਕਮਾਉਂਦਾ ਨਹੀਂ, ਅਜੇਹੇ ਬ੍ਰਾਹਮਣ ਦੀ ਕਿਤੇ ਭੀ ਪੂਰੀ ਨਹੀਂ ਪੈਂਦੀ। ਓੜਕ ਗੁਰੂ ਸਾਹਿਬ ਐਸੇ ਬ੍ਰਾਹਮਣ ਪ੍ਰਤੀ ਬੜੀ ਕਰੜਾਈ ਨਾਲ ਉਪਦੇਸ਼ ਕਰਦੇ ਹਨ ਕਿ ਹੇ ਮੂਰਖ ਮਤ ਵਾਲੇ ਬ੍ਰਾਹਮਣ ਤੂੰ ਵਾਹਿਗੁਰੂ ਨਾਮ ਦੇ ਸਿਮਰਨ ਰੂਪੀ ਗੁਰਮਤਿ ਸੁਮਾਰਗ ਉਤੇ ਆ ਜਾ ਅਤੇ ਉਸ ਮਾਰਗ ਉਤੇ ਚਲ ਕੇ ਆਪਣਾ ਲੋਕ ਪ੍ਰਲੋਕ ਸਵਾਰ। ਵਾਹਿਗੁਰੂ ਅੰਤਰਜਾਮੀ ਤੇਰਿਆਂ ਸਾਰਿਆਂ ਪਾਖੰਡਾਂ ਕਰਤੂਤਾਂ ਨੂੰ ਦੇਖਦਾ ਸੁਣਨਾ ਹੈ ਅਤੇ ਨਾਲ ਹੀ ਵਰਤਦਾ ਹੈ ਪਰੰਤੂ ਅਜੇਹੇ ਲੋਭੀ ਬ੍ਰਾਹਮਣ ਦੇ ਐਸੇ ਭਾਗ ਕਿਥੇ ਕਿ ਗੁਰਮਤਿ ਦੀ ਸੁਮਤਿ ਉਤੇ ਲਗ ਜਾਵੇ। ਬ੍ਰਾਹਮਣ ਲੋਗ ਤਾਂ ਆਪਣੀ ਨਿਰੀ ਵਡਿਆਈ ਦੇ ਅਭਿਮਾਨ ਵਿਚ ਹੀ ਮਤੇ ਫਿਰਦੇ ਹਨ ਗੁਰਚਰਣੀ ਲਗਣ ਨੂੰ ਕਸਰੇ ਸ਼ਾਨ ਸਮਝਦੇ ਹਨ, ਗੁਰਦੀਖਿਆ ਤਾਂ ਉਨਹਾਂ ਕੀ ਲੈਣੀ ਸੀ, ਬਸ, ਫੋਕੇ ਮਾਣ ਵਿਚ ਡੁਬੇ ਹੋਏ ਭੰਬਲ ਭੂਸੇ ਖਾਣਗੇ।

ਆਸਾ ਮਹਲਾ ੫ ॥

"ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ। ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ। ਗੋਬਿੰਦ ਭਜਨ ਕੀ ਮਤਿ ਹੈ ਹੋਰਾ। ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥ ਮਾਇਆ ਕੀ ਕਿਰਤ ਛੋਡਿ ਗਵਾਈ ਭਗਤੀ ਸਾਰ ਨ ਜਾਨੈ। ਬੇਦ ਸ਼ਾਸਤ੍ਰ ਕਉ ਤਰਕਨਿ ਲਾਗਾ। ਤਤੁ ਜੋਗੁ ਨ ਪਛਾਨੈ।"

ਇਸ ਗੁਰਵਾਕ ਦੁਆਰਾ ਸਚੇ ਪਾਤਸ਼ਾਹ ਗੁਰੂ ਸਾਹਿਬ ਨੇ ਗੁਰਮਤਿ ਦਾ ਮੰਡਨ, ਆਨਮਤ ਪਾਖੰਡ ਦੇ ਮੁਕਾਬਲੇ ਦੇ ਵਿਚ ਖੂਬ ਖੰਡਨ ਕੀਤਾ ਹੈ ਅਤੇ ਦਿਖਾਵੇ ਮਾਤਰ ਹੀ ਭਗਤੀ ਨੂੰ ਬੋਧ ਪ੍ਰਬੋਧ ਕੇ ਸਚਾ ਸੁਮਾਰਗ ਦਰਸਾਇਆ ਹੈ, ਜੋ ਲੋਗ ਬਾਹਿਰੋਂ 'ਬਾਹਰੋਂ ਧੋਤੀ ਤੂੰਬੜੀ ਅੰਦਰ ਵਿਸ ਨਿਕੋਰ' ਗੁਰਵਾਕ ਦੇ ਭਾਵ ਅਨੁਸਾਰ ਦਿਖਾਵੇ ਮਾਤਰ ਤਾਂ ਲੋਕਾਂ ਨੂੰ ਫੋਕੀ ਸਰੀਰਕ ਪੋਚਾ ਪੋਚੀ ਦਿਖਾਉਂਦੇ ਹਨ ਪਰ ਅੰਦਰ ਉਹਨਾਂ ਦਾ ਮਨ ਮਲੀਣ ਹੀ ਰਹਿੰਦਾ ਹੈ। ਅਜੇਹੇ ਪਾਖੰਡੀ ਲੋਕਾਂ ਨੇ ਲੋਕ ਪਰਲੋਕ ਦੋਨੋਂ ਹੀ ਖੋਹ ਲਏ ਹਨ, ਬਾਹਰ ਦਾ ਦਿਖਲਾਵਾ ਭਾਵੇਂ ਕਿਤਨਾ ਹੀ ਦਿਖਾਵਨ, ਪਰ ਅੰਤਰ ਗਤੀ ਉਹ ਕਾਮ, ਕਰੋਧ, ਲੋਭ, ਮੋਹ ਦੇ ਮੁਠੇ ਹੋਏ ਹੁੰਦੇ ਹਨ, ਇਨ੍ਹਾਂ ਪਾਪੀ ਪਾਖੰਡੀ ਪੁਰਸ਼ਾਂ ਨੂੰ ਅਗੇ ਜਾ ਕੇ ਰੋਣਾ ਪਵੇਗਾ। ਸਚੀ ਗੁਰਮਤਿ ਮਤ ਵਾਹਿਗੁਰੂ ਭਜਨ ਦੀ ਨਿਰਾਲੀ ਹੀ ਹੈ, ਗੁਰਮਤਿ ਮਾਰਗੀ ਗੁਰਮੁਖ ਜਨ, ਅੰਮ੍ਰਿਤ ਵੇਲੇ ਇਸ਼ਨਾਨ ਜੋ ਕਰਦੇ ਹਨ ਸਭ ਭਜਨ ਵਿਖੇ ਸਾਵਧਾਣ ਰਹਿਣ ਲਈ ਕਰਦੇ ਹਨ, ਲੋਕਾਂ ਨੂੰ ਦਿਖਾਵਣ ਲਈ ਨਹੀਂ ਕਰਦੇ ਕਿ ਅਸੀਂ ਬੜੇ ਉਦਕ ਇਸ਼ਨਾਨੀ ਹਾਂ, ਉਦਕ ਇਸ਼ਨਾਨ ਦਾ ਨਿਰਾ ਫੋਕਾ


www.AKJ.Org

ਘਮੰਡ ਗੁਰਮੁਖ ਜਨਾਂ ਦੇ ਨੇੜੇ ਨਹੀਂ ਆਉਂਦਾ, ਮੁਖ ਤਾਤ ਪਰਜ ਤਾਂ ਉਨ੍ਹਾਂ ਦਾ ਗੋਬਿੰਦ ਭਜਨ ਗੁਰਮਤ ਮਤ ਵਾਲਾ ਹੁੰਦਾ ਹੈ, ਉਪਰੋਂ ਨਿਰੀ ਸਰੀਰ ਧੋਵਣ ਦੀ ਫੋਕਟ ਕਿਰਿਆ ਜੋ ਕਰਦੇ ਹਨ ਅਤੇ ਨਾਮ ਨਹੀਂ ਜਪਦੇ ਤਾਂ ਇਸ ਪ੍ਰਕਾਰ ਦੀ ਫੋਕਟ ਕਿਰਿਆ ਦੁਆਰਾ ਵਰਮੀ ਮਾਰੇ ਤੇ ਸੱਪ ਨਹੀਂ ਮਰਦਾ; ਅੰਦਰਲਾ ਮਨੂਆ ਕੇਵਲ, ਸਰੀਰ ਧੋਵਣ ਨਾਲ ਨਹੀਂ ਸੋਧਿਆ ਜਾਂਦਾ ਅਜੇਹੇ ਪਾਖੰਡੀ ਪੁਰਸ਼ ਨਾਮ ਜਪਣ ਤੇ ਸੁਨਣ ਵਲੋਂ ਉਕੇ ਹੀ ਕੋਰੇ ਅਤੇ ਡੋਰੇ (ਬਹਿਰੇ) ਹੁੰਦੇ ਹਨ, ਐਸਾ ਬਾਹਿਰ-ਮੁਖੀ ਪਾਖੰਡੀ ਪੁਰਸ਼ ਜੋ ਹੁੰਦਾ ਹੈ, ਉਸ ਨੇ ਦੋਨੋਂ ਜਹਾਨ ਗਵਾ ਲਏ ਸਮਝੋ, ਸੰਸਾਰੀਆਂ ਲੋਕਾ-ਚਾਰੀਆਂ ਵਾਲੀ ਪਾਖੰਡ ਰਹਿਣੀ ਬਹਿਣੀ ਕਿਸੇ ਕੰਮ ਨਹੀਂ ਆਉਂਦੀ ਅਤੇ ਭਗਤਾਂ ਵਾਲੀ ਭਗਤੀ ਦੀ ਸੋਝੀ ਭੀ ਨਹੀਂ ਰਹਿੰਦੀ, ਉਹ ਪਾਖੰਡੀ ਧਰਮ ਕੇਵਲ ਏਸੇ ਗਲ ਵਿਚ ਸਮਝ ਰਿਹਾ ਹੈ ਕਿ ਆਪਣੀਆਂ ਮਨ ਮੰਨੀਆਂ ਧਾਰਮਿਕ ਪੁਸਤਕਾਂ ਦੀ ਪੜਚੋਲ ਕਰ ਛਡੀ ਬਸ ਹੋਰ ਕੁਝ ਨਹੀਂ, ਵਾਹਿਗੁਰੂ ਦੇ ਮਿਲਣ ਦੇ ਅਸਲੀ ਰਸਤੇ ਦੀ ਪਛਾਣ ਤਾਂ ਕਰਦੇ ਹੀ ਨਹੀਂ, ਮਾਇਆ ਦੀ ਕਿਰਤ ਕਮਾਈ ਛਡ ਬਹਿੰਦੇ ਹਨ, ਅਤੇ ਏਸੇ ਪਾਖੰਡ ਨੂੰ ਹੀ ਲੋਕਾਂ ਪ੍ਰਤੀ ਭਾਉ ਭਗਤੀ ਕਰ ਜਣਾਉਂਦੇ ਹਨ, ਤਤ ਗੁਰਮਤਿ ਭਗਤੀ ਦੀ ਉਨਾਂ ਨੂੰ ਸੂਝ ਬੂਝ ਹੀ ਨਹੀਂ ਆਉਂਦੀ, ਤਤ ਗੁਰਮਤਿ ਜੋਗ ਪਛਾਣ ਹੀ ਨਹੀਂ ਸਕਦੇ, ਆਪਣੀਆਂ ਮਨ ਮੰਨੀਆਂ ਆਨਮਤ ਪੁਸਤਕਾਂ, ਬੇਦ ਸ਼ਾਸਤਰਾਂ ਨੂੰ ਬਾਦ ਬਿਬਾਦ ਵਿਚ ਹੀ ਤਰਕਨ ਕੁਤਰਕਨ ਲਗ ਪੈਂਦੇ ਹਨ ਐਸੇ ਪਾਖੰਡੀ ਲੋਕਾਂ ਦਾ ਪਾਖੰਠ ਐਉਂ ਉਘੜ ਜਾਏਗਾ ਜਿਵੇਂ ਖੋਟੇ ਤੇ ਪਾਜਲ ਸਿਕੇ ਦਾ ਪਾਜ ਉਘੜ ਜਾਂਦਾ ਹੈ। ਸਚੇ ਗੁਰਮਤਿ ਗਰਾਹਕੀ ਸਰਾਫਾਂ ਦੀ ਪਾਰਖੂ ਦ੍ਰਿਸ਼ਟੀ ਨਜ਼ਰ ਅੰਦਰ ਨਿਰੇ ਖੋਟੇ ਤੇ ਪਾਖੰਡੀ ਹੀ ਸਾਬਤ ਹੁੰਦੇ ਹਨ ਅਤੇ ਅੰਤਰਜਾਮੀ ਵਾਹਿਗੁਰੂ ਤਾਂ ਉਨ੍ਹਾਂ ਦੇ ਖੋਟ ਪਾਖੰਡ ਨੂੰ ਖੂਬ ਅਛੀ ਤਰਾਂ ਪਛਾਣਦਾ ਹੀ ਹੈ ਤੇ ਸਭ ਕੁਝ ਜਾਣਦਾ ਹੈ, ਉਸ ਦਾ ਪਾਖੰਡ, ਪਾਜ, ਗੁਝਾ ਛਿਪਾ ਨਹੀਂ ਰਹਿ ਸਕਦਾ ਅਜੇਹੀ ਥੋਥੀ ਜ਼ਿੰਦਗੀ ਵਾਲਾ ਪ੍ਰਾਣੀ ਝੂਠ ਫਰੇਬ ਅਤੇ ਧੋਖੇ ਦੇ ਕਾਰਨ ਤੁਰਤ ਹੀ ਨਸ਼ਰ (ਬਦਨਾਮ) ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਭੇਦ ਨੂੰ ਸਤਿ ਸਤਿ ਕਰਕੇ ਜਣਾਇਆ ਹੈ, ਸੋ ਇਸ ਰਮਜ਼ ਦੀ ਹਰ ਇਕ ਗੁਰਮਤਿ ਜਗਿਆਸੂ ਨੂੰ ਹਿਰਦੇ ਵਿਚ ਗੰਢ ਬੰਨ੍ਹ ਲੈਣੀ ਚਾਹੀਦੀ ਹੈ, ਇਸ ਗੁਰਵਾਕ ਅੰਦਰ ਬੇਦਾਂ ਸ਼ਾਸਤਰਾਂ ਆਨਮਤ ਪੁਸਤਕਾਂ ਦਾ ਗੁਰਮਤਿ ਅੰਦਰ ਮੰਡਨ ਹਰਗਿਜ਼ ਸਿਧ ਨਹੀਂ ਹੁੰਦਾ ਬਲਕਿ ਖੰਡਨ ਹੀ ਹੈ, ਬੇਦ ਸ਼ਾਸਤਰ ਆਦਿਕ ਮਤਾਂ ਦੇ ਉਪਾਸ਼ਕ ਹੀ ਇਸ ਨੂੰ ਤਰਕਨ ਲਗ ਪੈਂਦੇ ਹਨ, ਲੋਗ ਦਿਖਾਵੇ ਦੀ ਪਾਖੰਡ ਕਿਰਿਆ ਹੀ ਸਿਧੀ ਹੁੰਦੀ ਹੈ। ਗੁਰਮਤਿ ਮਾਰਗੀਆਂ ਨੂੰ ਇਸ ਤੋਂ ਸਿਖਸ਼ਾ ਲੈਣੀ ਚਾਹੀਦੀ ਹੈ ਅਤੇ ਉਹ ਆਨਮਤ ਮਤਿ ਅਨਲੰਬੀਆਂ ਦੀ ਨਿਆਈਂ ਤਰਕ ਕੁਤਰਕ ਦੀ ਬਾਦੀ ਨੂੰ ਨਾ ਸਹੇੜ ਬੈਠਣ।

ਆਸਾ ਮਹਲਾ ੫ ॥

ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ। ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ। ਤੇਰਾ ਜਨੁ ਨਿਰਤਿ ਕਰੇ ਗੁਣ ਗਾਵੈ। ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ। ਰਹਾਉ ॥ ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ। ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ। ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ। ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥ ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ॥ ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥

ਇਹ ਗੁਰਵਾਕ ਗੁਰੂ ਸਚੇ ਪਾਤਸ਼ਾਹ ਨੇ ਅਨਮਤਾਂ ਦੇ ਬਾਹਰਲੀ ਦਿਖਾਵੇ ਦੀ ਕ੍ਰਿਆ ਸੋਧਨ ਪ੍ਰਬੋਧਨ ਲਈ ਨਿਰੂਪਨ ਕੀਤਾ ਹੈ ਕਿ ਇਸ ਵਾਕ ਦੁਆਰਾ ਅੰਦਰਲੀ ਲਗਨ ਕਿਵੇਂ ਹੁੰਦੀ ਹੈ ਅਤੇ ਅਸਲ ਗੁਰਮਤਿ ਭਗਤੀ ਕਿਵੇਂ ਹੁੰਦੀ ਹੈ। ਇਕ ਫਿਰਕਾ ਹੈ ਜੋ ਸਰੰਧੀ ਤਬਲੇ, ਛੈਣੇ, ਘੁੰਗਰੂ ਆਦਿਕ ਨਾਲ ਨਾਚ ਕਰਨ ਨੂੰ ਭਗਤੀ ਕਹਿੰਦੇ ਹਨ; ਗੁਰੂ ਸਾਹਿਬ ਇਸ ਗੁਰਵਾਕ ਅੰਦਰ ਅਸਲੀ ਗੁਰਮਤਿ ਨਿਰਤਕਾਰੀ ਦਾ



www.AKJ.Org

ਰੂਪ ਦਸਦੇ ਹਨ ਜਿਸ ਦੁਆਰਾ ਗੁਰਮਤਿ ਜਗਿਆਸੂ ਗੁਰੂ ਦੇ ਰਾਹੀਂ ਦੀਖਿਆ ਲੈ ਕੇ ਸਚੀ ਆਤਮਕ ਜਾਗ ਪ੍ਰਾਪਤ ਕਰਦਾ ਹੈ ਅਤੇ ਨਰਕਾਂ ਦੋਜ਼ਖਾਂ ਤੋਂ ਬਚ ਕੇ ਜਨਮ ਸਫਲਾ ਕਰ ਲੈਂਦਾ ਹੈ, ਉਹ ਗੁਰਮਤਿ ਜਗਿਆਸੂ ਜਿਉਂ ਜਿਉਂ ਇਸ ਪ੍ਰਕਾਰ ਦਾ ਗੁਰਮਤਿ ਜੀਵਨ ਬਣਾਉਣ ਲਈ ਉਦਮ ਕਰਦਾ ਹੈ ਤਿਉਂ ੨ ਉਸ ਦਾ ਮਨ ਸਾਫ਼ ਹੁੰਦਾ ਜਾਂਦਾ ਹੈ। ਕੁਝ ਪਾਖੰਡੀ ਨਚਣ ਟਪਣ ਨੂੰ ਅਤੇ ਤਬਲੇ ਆਦ ਸਾਜਾਂ ਬਜਾਉਣ ਨੂੰ ਹੀ ਭਗਤੀ ਦਸਦੇ ਹਨ; ਉਸ ਦੇ ਥਾਉਂ ਗੁਰੂ ਸਾਹਿਬ ਇਹ ਦਿੜਾਉਂਦੇ ਹਨ ਕਿ ਪ੍ਰਿਥਮੇ ਹਉਮੈਂ ਦੂਰ ਕਰੋ ਅਤੇ ਗੁਰਮਤਿ ਨਾਮ ਅਭਿਆਸ ਦੁਆਰਾ ਐਸੀ ਸੁਰਤੀ ਬ੍ਰਿਤੀ ਧਾਰਨ ਕਰੋ ਕਿ ਸਚੇ ਗੁਰ ਸਬਦ ਦੀ ਗੁਰਦੀਖਿਆ ਦੇ ਪ੍ਰਤਾਪ ਦਾ ਸਦਕਾ ਦਸਮ ਦੁਆਰ ਵਿਖੇ ਅਖੰਡ ਕੀਰਤਨ ਲਈ ਅਨਹਦ ਸ਼ਬਦ ਮਈ ਧੁਨੀ ਬਝ ਜਾਵੇ। ਜਦ ਮਨਮੁਖ ਲੋਕਾਂ ਨੂੰ ਤਤ ਭਗਤੀ ਦੀ ਸਾਰ ਨਹੀਂ ਆਉਂਦੀ ਤਾਂ ਲੋਕਾਂ ਨੂੰ ਦਿਖਾਵਣ ਲਈ ਇਸ ਪ੍ਰਕਾਰ ਦੀ ਪਾਖੰਡ ਭਗਤੀ ਵਿਚ ਪ੍ਰਗਟ ਹੋ ਜਾਂਦੇ ਹਨ। ਗੁਰਮਤਿ ਜਗਿਆਸੂ ਦਾ ਮਨ, ਗੁਰਮਤਿ ਅਭਿਆਸ ਕਮਾਈ ਤਿਆਰ ਹੋਣ ਦਾ ਉਦਮ ਕਰਨਾ ਹੀ ਨਿਰਮਲ ਹੋ ਜਾਂਦਾ ਹੈ। ਅਤੇ ਆਪਾ ਭਾਵ (ਹਉਮੈਂ) ਦੂਰ ਕਰ ਦੇਵੇ, ਕਾਮ ਆਦਿਕ ਪੰਜ ਵਿਸ਼ਿਆਂ ਨੂੰ ਕਾਬੂ ਵਿਚ ਰਖੇ, ਅਤੇ ਹਰ ਦਮ ਹਿਰਦੇ ਅੰਦਰ ਏਕੰਕਾਰ ਵਾਹਿਗੁਰੂ ਦੇ ਅਭਿਆਸ ਵਿਚ ਜੁਟਿਆ ਰਹੇ ਇਸ ਬਿਧ ਹੀ ਪੰਜੇ ਵਿਸ਼ੇ ਵਸਗਤ ਹੋ ਸਕਦੇ ਹਨ; ਵਾਹਿਗੁਰੂ ਦਾ ਅਸਲੀ ਗੁਰਮੁਖ ਜਨ ਵਾਹਿਗੁਰੂ ਦੇ ਗੁਣ ਗਾਵਣ ਦੀ ਨਿਰਤਕਾਰੀ ਵਿਚ ਹੀ ਖਿਨ ਖਿਨ ਰਚਿਆ ਰਹਿੰਦਾ ਹੈ। ਰਬਾਬ, ਤਬਲਾ, ਛੈਣੇ, ਘੂੰਘਰੂ ਆਦਿਕ ਬਾਹਜ ਸਾਜ ਬਜਾ ਕੇ ਨਚਣ ਟਪਣ ਦੇ ਥਾਉਂ ਉਪਰ ਦਸੇ ਅਨੁਸਾਰ ਅਨਹਦ ਸ਼ਬਦ ਹੀ ਬਜਾਉਂਦਾ ਹੈ, ਇਸ ਬਿਧ ਸਚੀ ਨਿਰਤਕਾਰੀ ਗੁਰਮੁਖ ਜਨਾਂ ਦੇ ਹਿਰਦੇ ਅੰਦਰ ਹਰ ਦਮ ਹੁੰਦੀ ਰਹਿੰਦੀ ਹੈ, ਪਹਿਲਾਂ ਆਪਣੇ ਮਨ ਨੂੰ ਸਮਝਾਉਂਦਾ ਹੈ। ਪਿਛੋਂ ਹੋਰਨਾਂ ਨੂੰ ਰੀਝਾਉਂਦਾ ਹੈ (ਪ੍ਰਿਥਮੇ ਮਨੁ ਪ੍ਰਬੋਧੈ ਅਪਨਾ ਪਾਛੈ ਅਵਰੁ ਰੀਝਾਵੈ) ਅਕਾਲ ਪੁਰਖ ਵਾਹਿਗੁਰੂ ਦੇ ਨਾਮ ਦੀ ਅਭਿਆਸ ਲਿਵਤਾਰ, ਵਾਹਿਗੁਰੂ ਨਾਮ ਦੇ ਜਪ ਜਾਪ ਨਾਲ ਹੀ ਅੰਤਰ ਆਤਮੇ ਲਗਦੀ ਹੈ, ਉਚੀ ਅਭਿਆਸ ਕਰਦਾ ਹੋਇਆ ਗੁਰਮੁਖ ਜਨ, ਉਚੀ ਅਭਿਆਸ ਕਰਕੇ ਹੋਰਨਾਂ ਨੂੰ ਭੀ ਸੁਣਾਉਂਦਾ ਹੈ, (ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਣਾਵੈ) ਹਥਾਂ ਨਾਲ ਗੁਰਮੁਖ ਜਨਾਂ ਦੇ ਚਰਨ ਪਾਖਾਰਨੇ ਗੁਰਮਤਿ ਜਗਿਆਸੂ ਜਨਾਂ ਦੀ ਅਹਿਮ ਜਗਿਆਸਾ ਹੈ। ਸਾਧ ਸੰਗਤ ਦੀ ਧੂੜੀ ਲੈ ਕੇ ਸਰੀਰ ਵਿਖੇ ਲਾਉਣੀ ਗੁਰਮਤ ਜਗਿਆਸੂ ਨੂੰ ਨਾਮ ਰੰਗਾਂ ਵਿਚ ਮਸਤੁਲ ਮਸਤ ਕਰ ਲੈਂਦੀ ਹੈ ਸਤਿ ਪਦਾਰਥ ਵਾਹਿਗੁਰੂ ਨਾਮ ਅਭਿਆਸ ਨੂੰ ਪ੍ਰਾਪਤ ਕਰਕੇ ਮਨਤਨ ਗੁਰ ਸਤਿਗੁਰੂ ਵਾਹਿਗੁਰੂ ਅਗੇ ਅਰਪਨ. ਭੇਟ ਕਰ ਛਡੇ ਜੋ ਜੋ ਗੁਰਮਤਿ ਜਗਿਆਸੂ ਇਸ ਆਤਮ ਅਵਸਥਾ ਨੂੰ ਸਰਧਾ ਲਾ ਕੇ ਸੁਣਦਾ ਪੇਖਦਾ ਹੈ, ਤਿਸ ਦਾ ਜਨਮ ਮਰਨ ਚੁਰਾਸੀ ਦੇ ਗੇੜ ਵਾਲਾ ਦੁਖ ਸਭ ਨਿਵਿਰਤ ਹੋ ਜਾਂਦਾ ਹੈ। ਐਸੀ ਉਤਮ ਨਿਰਤਕਾਰੀ ਕੀਤਿਆਂ ਨਰਕ ਨਿਵਾਰ ਦੇਈਦਾ ਹੈ ਗੁਰੂ ਤੋਂ ਵਰੋਸਾਏ ਗੁਰਮੁਖ ਜਨ ਨੂੰ ਸਚੀ ਨਿਰਤਕਾਰੀ ਦੀ ਜਾਗਰਤੀ ਪ੍ਰਾਪਤ ਹੁੰਦੀ ਹੈ।

(ਚਲਦਾ)

## ਸ਼ੋਕਮਈ ਚਲਾਣਾ !

ਇੰਗਲੈਂਡ ਤੋਂ ਸ: ਗੁਰਨਾਮ ਸਿੰਘ ਜੀ ਖ਼ਬਰ ਦੇਂਦੇ ਹਨ ਕਿ ਉਹਨਾਂ ਦੀ ਸਿੰਘਣੀ (ਸ਼੍ਰੀਮਤੀ ਸੀਤਲ ਕੌਰ) ਦੇ ਪਿਤਾ ਸ: ਇੰਦਰ ਸਿੰਘ ਜੀ ਰੀਹਲ ਮਿਤੀ 10.8.70 ਨੂੰ ਅਕਾਲ ਚਲਾਣਾ ਕਰ ਗਏ ਹਨ, ਉਹਨਾਂ ਦੀ ਯਾਦ ਹਿਤ 'ਸੂਰਾ' ਨੂੰ ਚਾਰ ਪੌਂਡ (ਪੋਸਟਲ ਆਰਡਰ) ਮਾਇਕ ਸਹਾਇਤਾ ਭੇਜਦੇ ਹਨ। ਸਾਡੀ ਅਕਾਲ ਪੁਰਖ ਦੇ ਚਰਨਾਂ ਵਿਚ ਜੋਦੜੀ ਹੈ ਕਿ ਪ੍ਰਵਾਰ ਨਾਲੋਂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਤੇ ਪਿਛਲੇ ਪ੍ਰਵਾਰ ਨੂੰ ਭਾਣਾ ਮੰਨਣ ਦੀ ਸਮਰੱਥਾ ਬਖਸ਼ੇ।

(ਸੰਪਾਦਕ)

www.AKJ.Org

# ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਬਟਾਲਾ (ਜ਼ਿਲਾ ਗੁਰਦਾਸਪੁਰ) ਵਿਖੇ ਭਾਰੀ ਅਖੰਡ ਕੀਰਤਨ ਸਮਾਗਮ

ਪਿਆਰੀ ਸਾਧ ਸੰਗਤ ਜੀ,

ਹਰ ਸਾਲ ਬਟਾਲਾ ਜ਼ਿਲਾ (ਗੁਰਦਾਸਪੁਰ) ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਵਾਰ ਇਹ ਬੜੀ ਖੁਸ਼ੀ ਦੀ ਗਲ ਹੈ ਕਿ ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਪਟਿਆਲਾ, ਜਲੰਧਰ, ਲੁਧਿਆਣਾ, ਅੰਮ੍ਰਿਤਸਰ ਅਤੇ ਹੋਰ ਦੂਰ ਦੂਰ ਦੇ ਜਥਿਆਂ ਨੇ ਪਹੁੰਚਣ ਦੀ ਪ੍ਰਵਾਨਗੀ ਦੇ ਦਿਤੀ ਹੈ। ਇਸ ਵਿਚ ਕੁਝ ਕੀਰਤਨ ਸਮਾਗਮ ਬਟਾਲੇ ਤੋਂ ਬਾਹਰ ਡੇਹਰਾ ਬਾਬਾ ਨਾਨਕ ਅਤੇ ਅਚੱਲ ਬਟਾਲੇ ਭੀ ਹੋਣਗੇ ਜੋ ਕਿ ਇਤਿਹਾਸਕ ਗੁਰਦੁਵਾਰੇ ਹਨ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਅਚੱਲ ਬਟਾਲੇ ਦੀ ਸਿਧਾਂ ਨਾਲ ਹੋਈ ਗੋਸ਼ਟ ਬਾਰੇ ਲਿਖਿਆ ਹੈ :—

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚੱਲ ਬਟਾਲੇ ਆਈ।

ਅਚਲ ਸਾਹਿਬ ਬਟਾਲਾ ਤੋਂ ਸਾਡੇ 4 ਮੀਲ ਦੂਰ ਹੈ, ਆਉਣ ਜਾਣ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਗੁਰਦੁਆਰਾ ਕੰਧ ਸਾਹਿਬ ਜੋ ਬਟਾਲੇ ਵਿਖੇ ਹੀ ਹੈ। ਜਿਥੇ ਕਿ ਗੁਰੂ ਨਾਨਕ ਦੇਵ ਜੀ ਦਾ ਅਨੰਦ ਕਾਰਜ ਸੰਸਾਰ ਤੋਂ ਅਲੌਕਿਕ ਢੰਗ ਨਾਲ ਹੋਇਆ ਇਹ ਉਹ ਅਸਥਾਨ ਹੈ। ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਾਜ਼ਸ਼ ਅਧੀਨ ਬਿਠਾਇਆ ਗਿਆ ਉਸ ਕੰਧ ਨੂੰ 4 ਜੁਗ ਰਹਿਣ ਦਾ ਵਰ ਮਿਲਿਆ ਜੋ ਬਿਲਕੁਲ ਡਿਗਣ ਵਾਲੀ ਕੱਚੀ ਕੰਧ ਸੀ।

## ਡੇਹਰਾ ਬਾਬਾ ਨਾਨਕ

ਇਹ ਅਸਥਾਨ ਬਟਾਲੇ ਤੋਂ 18 ਮੀਲ ਪਾਕਿਸਤਾਨ ਸਰਹਦ ਉਤੇ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਤੇ ਰੰਧਾਵੇ ਨਾਲ ਗੋਸਟ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਦਾ ਚੋਲਾ ਭੀ ਇਥੇ ਮੌਜੂਦ ਹੈ ਜਿਸ ਦੇ ਦਰਸ਼ਨ ਭੀ ਸੰਗਤ ਨੂੰ ਕਰਾਏ ਜਾਣਗੇ। ਇਥੇ ਭੀ ਅ ਉਣ ਜ ਣ ਦਾ ਪ੍ਰਬੰਧ ਕੀਤਾ ਜਾਵੇਗਾ।

## * ਪ੍ਰੋਗਰਾਮ ਦਾ ਵੇਰਵਾ *

**5-9-70** ਅੰਮ੍ਰਿਤ ਵੇਲੇ ਕੀਰਤਨ ਆਸਾ ਜੀ ਦੀ ਵਾਰ 5 ਵਜੇ ਤੋਂ 8 ਵਜੇ ਤਕ ਪੰਡਾਲ ਵਿਖੇ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਜੀ. ਟੀ. ਰੋਡ ਬਟਾਲਾ ਉਪਰੰਤ 8 ਵਜੇ ਪ੍ਰਾਰੰਭ ਸ੍ਰੀ ਅਖੰਡ ਪਾਠ

**5-9-70** ਸ਼ਾਮ ਨੂੰ 7 ਤੋਂ 9-30 ਤਕ ਗੁਰਦੁਆਰਾ ਮੁਰਗੀ ਮਹਲਾ

**6-9-70** ਡੇਹਰਾ ਬਾਬਾ ਨਾਨਕ ਆਸਾ ਜੀ ਦੀ ਵਾਰ ਅਤੇ ਅਖੰਡ ਕੀਰਤਨ 6 ਤੋਂ 12 ਵਜੇ ਦੁਪਹਿਰ ਤਕ

**6-9-70** ਸ਼ਾਮ ਦਾ ਕੀਰਤਨ ਡੇਹਰਾ ਸਾਹਿਬ ਬਟਾਲਾ ਵਿਖੇ 7 ਤੋਂ 9-30

**7-9-70** ਭੋਗ ਸ੍ਰੀ ਅਖੰਡ ਪਾਠ ਗੁਰੂ ਨਾਨਕ ਖਾਲਸਾ ਹਇਰ ਸੈਕੰਡਰੀ ਸਕੂਲ ਪੰਡਾਲ ਵਿਖੇ 5 ਵਜੇ ਪਵੇਗਾ। ਉਸ ਤੋਂ ਉਪਰੰਤ ਸੰਗਤਾਂ ਗੁਰਦੁਆਰਾ ਕੰਧ ਸਾਹਿਬ ਪਹੁੰਚਣਗੀਆਂ। ਜਿਥੇ 6 ਤੋਂ 12 ਤਕ ਕੀਰਤਨ ਹੋਵੇਗਾ। 7-9-70 ਸ਼ਾਮ ਦਾ ਕੀਰਤਨ 6 ਤੋਂ 9-30 ਅਚੱਲ ਸਾਹਿਬ ਹੋਵੇਗਾ।

**8-9-70** ਕੀਰਤਨ ਆਸਾ ਜੀ ਦੀ ਵਾਰ ਪੰਡਾਲ ਗੁਰੂ ਨਾਨਕ ਸਕੂਲ ਵਿਖੇ 5 ਤੋਂ 12 ਵਜੇ ਤਕ

**8-9-70** ਅਰੰਭ ਕੀਰਤਨ ਰੈਣ ਸਬਾਈ 8 ਵਜੇ ਸ਼ਾਮ ਤੋਂ 7 ਵਜੇ ਸਵੇਰ ਤਕ ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਗੁਰੂ ਨਾਨਕ ਖਾਲਸਾ ਸਕੂਲ ਵਿਖੇ ਹੋਵੇਗੀ।

ਪੁਛ ਗਿਛ ਲਈ—ਭਾਈ ਗੋਪਾਲ ਸਿੰਘ (ਕਢਾਈ ਵਾਲੇ) ਡੇਹਰਾ ਰੋਡ, ਬਟਾਲਾ।

ਦਾਸਰੇ—ਅਖੰਡ ਕੀਰਤਨੀ ਜਥਾ, (ਗੁਰਦਾਸਪੁਰ)



www.AKJ.Org

# ਗੁਰਮਤਿ ਅਨੰਦ-ਕਾਰਜ

ਵਲੋਂ :
ਗਿ: ਦਲਜੀਤ ਸਿੰਘ ਕਮਲ, ਨਵੀਂ ਦਿਲੀ, ਬੇਗਮਪੁਰਾ

ਅਕਾਲ ਪੁਰਖ ਦੀ ਅਪਾਰ ਮਿਹਰਾਂ ਦਾ ਸਦਕਾ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦੀਦਾਰ ਇਸ਼ਨਾਨ ਕਰ ਕੇ ਅੰਬਾਲਾ ਛਾਉਣੀ ਦੇ ਸਾਲਾਨਾ ਸਮਾਗਮ ਤੇ ਪੁਜੇ ਗੁਰੂ ਕੇ ਲੰਗਰ ਵਿਚ ਪ੍ਰਸ਼ਾਦ ਛਕਦਿਆਂ ਹੀ ਭਾਈ ਸਾਹਿਬ ਦੁਰਲਭ ਸਿੰਘ ਜੀ ਹੋਰਾਂ ਨੂੰ ਦਾਸ ਨੇ ਪੁਛਿਆ ਕਿ ਬੀਬੀਆਂ ਦੇ ਅਨੰਦ ਕਾਰਜ ਕਰ ਦਿਤੇ ਹਨ ਕਿ ਨਹੀਂ, ਹਸ ਕੇ ਕਹਿੰਦੇ ਦੋ ਬੀਬੀਆਂ ਦੇ ਅਨੰਦ ਕਾਰਜ ਕਰ ਦਿਤੇ ਹਨ ਤੇ ਤੀਜੀ ਬੀਬੀ ਦਾ 16.8.70 ਐਤਵਾਰ ਨੂੰ ਹੋਵੇਗਾ ਗੁਰੂ ਮਹਾਰਾਜ ਦੀ ਮੇਹਰ ਸਦਕਾ ਦੋ ਦਿਨ ਪਹਿਲਾਂ ਰਿਸ਼ਤਾ ਪੱਕਾ ਹੋਇਆ ਹੈ, ਭੁਝੰਗੀ ਸਮਾਗਮ ਤੇ ਆਇਆ ਹੈ ਸੰਜੋਗਾਂ ਦੀ ਖੇਲ ਅਨੁਸਾਰ ਤਿਆਰੀ ਹੋ ਗਈ ਹੈ ਅਸੀਂ ਵੀ ਤਾਰਾਂ ਭੇਜੀਆਂ ਹਨ ਤੇ ਭੁਝੰਗੀ ਦੇ ਮਾਤਾ ਪਿਤਾ ਵੀ ਬੁਲਾਏ ਗਏ ਹਨ ਜੋ ਕੱਲ ਪੁਜ ਜਾਨਗੇ ਇਹ ਬਚਨ 13.8.70 ਨੂੰ ਹੋਏ। 14 ਅਗਸਤ ਨੂੰ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਭਾਈ ਸਾਹਿਬ ਜੀਵਨ ਸਿੰਘ ਜੀ ਹੋਰਾਂ ਅਰੰਭ ਕੀਤਾ, ਅੰਮ੍ਰਿਤ ਵੇਲੇ ਤੋਂ ਹੀ ਅਕਾਸ਼ ਅੰਦਰ ਘਟਾਂ ਚੜ੍ਹ ਆਈਆਂ, ਇਧਰ ਸੰਗਤਾਂ ਦੀ ਭੀੜ ਇਕੱਤਰ ਹੋ ਗਈ, ਕੀਰਤਨ ਦੀਆਂ ਘੁਮਰਾਂ ਪੈ ਰਹੀਆਂ ਸਨ 'ਇਕੋ ਆਸਾ ਦਰਸ ਪਿਆਸਾ' ਦੇ ਦਰਸ਼ਨ ਲਿਵਧਾਰੀ ਸਾਧ ਸੰਗਤ ਅਤਿ ਪਿਆਰੀ ਅੰਦਰ ਨਾਮ ਧਾਰੀ ਸਰਣਿ ਤੇਰੀ ਦੇ ਰੰਗਾਂ ਅੰਦਰ ਖੀਵੇ ਮਤਵਾਲੇ ਹੋ ਹੋ ਅੰਮ੍ਰਿਤ-ਰਸ ਹਰਿ ਕੀਰਤਨ ਦੇ ਗਟਾਕ-ਰਸ ਭੁੰਚ ਭੁੰਚਕੇ ਚਰਨ ਕਮਲ ਮਕਰੰਦ ਵਾਲੀ ਪ੍ਰੀਤ ਦੇ ਅਨੰਦ ਮਾਣ ਰਹੇ ਸਨ। ਕਈ ਇਕ ਨੈਨੀ ਹਰ ਲਾਗੀ ਤਾਰੀ ਦੀ ਅਵਸਥਾ ਦੇ ਪਿਆਰ ਅੰਦਰ ਗਗਨ ਉਡਾਰੀਆਂ ਮਾਰ ਕੇ ਨਿਹਾਲ ਹੋ ਰਹੇ ਸਨ ਇਸ ਸੁੰਦਰ ਸ਼ੋਭਾ ਵਾਲੀ ਅਨੰਦ ਮਈ ਅਵਸਥਾ ਨੂੰ ਕੀ ਬਿਆਨ ਕੀਤਾ ਜਾਵੇ ਬਸ ਦੇਖਾ ਹੀ ਪਰਵਾਨ ਸੀ।

ਭਾਈ ਸਾਹਿਬ ਹੋਰਾਂ ਤੁਕਾਂ ਪੜ੍ਹੀਆਂ —

ਸਾਵਣ ਆਇਆ ਝਿਮਝਿਮਾ
ਹਰਿ ਗੁਰਮੁਖਿ ਨਾਮ ਧਿਆਇ।

ਉਪਰੋਕਤ ਗੁਰਬਾਣੀ ਦੀਆਂ ਤੁਕਾਂ ਨੇ ਉਹ ਨਾਮ ਦੀ ਧੁਨੀ ਲਗਾਈ ਆਪ ਹੀ ਜਪਾਵਣਹਾਰਾ ਪਿਆਰਾ ਪ੍ਰੀਤਮ ਮੇਹਰ ਕਰ ਵਸਣ ਲਗਾ ਅੰਮ੍ਰਿਤ-ਨਾਮ ਦੀਆਂ ਬੂੰਦਾਂ ਹਿਰਦੇ ਠਾਰ ਰਹੀਆਂ ਸਨ। ਪ੍ਰਗਟ ਗੁਰਾਂ ਦੀ ਦੇਹ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਆਪ ਅਗਵਾਈ ਕਰ ਰਹੇ ਸਨ। ਗੁਪਤ ਅਤੇ ਪਰਗਟ ਨਾਮ-ਰਸਕ ਬੈਰਾਗੀ ਪਪੀਹੇ ਵਾਂਗ ਪ੍ਰਿਉ ਪ੍ਰਿਉ ਕਰ ਪਿਆਰੇ ਦੀ ਯਾਦ ਵਿਚ ਜੁਟੇ ਹੋਏ ਸਨ। ਬਾਹਰਵਾਰੋਂ ਪਵਣ ਦੇ ਪਿਆਲੇ ਅੰਦਰ ਆ ਕੇ ਸੰਗਤ ਨੂੰ ਨਵੀਂ ਤੋਂ ਨਵੀਂ ਮਸਤੀ ਚਾੜ੍ਹ ਰਹੇ ਸਨ ਚਰਨ-ਕਮਲ ਦੇ ਪਿਆਰ ਨੂੰ ਕਿਉਂ ਤੇ ਕਿਵੇਂ ਲਿਖੀਏ ਥੋੜੇ ਸਮੇਂ ਵਿਚ ਹੀ ਭਾਈ ਸਾਹਿਬ ਜੀ ਨੇ—

ਝਿਮ ਝਿਮ ਵਰਸੈ ਅੰਮ੍ਰਿਤ ਧਾਰਾ ॥
ਮਨ ਪੀਵੈ ਸੁਨਿ ਸਬਦ ਵਿਚਾਰਾ ॥

ਵਾਲੇ ਸ਼ਬਦ ਦੀ ਟੇਕ ਲਾਈ ਬਸ ਫੇਰ ਕੀ ਦਸੀਏ ਉਹ ਮੋਹਲੇਧਾਰ ਮੇਘਲਾ ਖੁਸ਼ੀਆਂ ਵਿਚ ਵਸਿਆ ਬਾਹਰ ਵਾਰੋਂ ਅਗਮ ਪੁਰੇ ਦੀਆਂ ਠੰਡੀਆਂ ਹਵਾਵਾਂ ਤਨਾਂ ਨੂੰ ਨਿਹਾਲ ਕਰ ਰਹੀਆਂ ਸਨ ਚਰਨ ਕਮਲ ਧੋਇ ਧੋਇ ਪੀਵਣ ਹਾਰਿਆਂ ਦੇ ਮਨਾਂ ਨੂੰ ਅੰਦਰ ਛੰਤ-ਗੁਣ ਗੋਬਿੰਦ ਗਾ ਕੇ ਸਚਾ ਸੁਖ ਮਿਲ ਰਿਹਾ ਸੀ



www.AKJ.Org

ਦਾਸ ਦੇ ਹਿਰਦੇ ਅੰਦਰ ਵੀ ਇਹ ਫੁਰਨਾ ਫੁਰਿਆ ਕਿ ਸਚੇ ਪਾਤਸ਼ਾਹ ਐਸੀ ਕਿਰਪਾ ਸਾਡੇ ਤੇ ਵੀ ਕਰੋ ਅਸੀਂ ਵੀ ਇਸ ਜਨਮ ਦੀਆਂ ਘੜੀਆਂ ਸਫ਼ਲ ਕਰ ਲਈਏ ਕਿਉਂਕਿ ਮਾਣਸ-ਜਨਮ ਦਾ ਲਾਹਾ ਇਹੋ ਹੈ ਗਲ ਕੀ ਬਾਹਰੋਂ ਅੰਦਰੋਂ ਸੰਗਤਾਂ ਵਿਗਸ ਵਿਗਸ ਨਾਨਕ ਨਾਮ ਮਹਾਂ ਰਸ ਮੀਠੇ ਨੂੰ ਪੀ ਰਹੀਆਂ ਸਨ ਐਸੀ ਪਿਆਰ ਵਾਲੀ ਸੰਗਤ ਵਿਚ ਮੇਰੇ ਵਰਗਾ ਕਾਲਾ ਕਾਂ ਵੀ ਬੈਠਾ ਵਿਚਾਰਾਂ ਦੇ ਸਾਗਰ ਵਿਚ ਪਸਚਾਤਾਪ ਕਰ ਰਿਹਾ ਸੀ ਸਚੇ ਪਾਤਸ਼ਾਹ ਇਹ ਪਿਆਰੀ ਸੰਗਤ ਇਹ ਨਾਮ ਅਧਾਰੀ ਸੰਗਤ ਇਹ ਸਤਿ ਸੰਗਤ ਜਿਥੇ ਕੇਵਲ ਇਕੋ ਨਾਮ ਹੀ ਵਿਖਾਣਿਆ ਜਾ ਰਿਹਾ ਹੈ ਇਹੋ ਜੇਹੀ ਸੰਗਤ ਜਿਥੇ ਕੇਵਲ ਇਕੋ ਜੇਹੀ ਸੰਗਤ ਬਖਸ਼ਕੇ ਸਤਿਗੁਰੂ ਸਾਡੇ ਤੇ ਮਹਾਨ ਪਰਉਪਕਾਰ ਕੀਤਾ ਹੈ ਪਰ ਮੈਂ ਇਕ ਗੁਣ ਨਹੀਂ ਜਾਤਾ ਮਨਮੁਖਿ ਪਥਰ ਬਣ ਕੇ ਇਨੇ ਅੰਮ੍ਰਿਤ ਵਰਸਦਿਆਂ ਵੀ ਪਿਆਸਾ ਹੀ ਰਹਿ ਗਿਆ ਜਨਮ ਅਕਾਰਥ ਖੋ ਲਿਆ, ਸੁਰਤ ਨੇ ਪਲਟਾ ਖਾਧਾ ਆਤਮਾ ਨੇ ਅਵਾਜ਼ ਦਿਤੀ ਭਾਵੇਂ ਤੂੰ ਪਥਰ ਹੈਂ ਪਰ ਕਿਸੇ ਪਿਆਰੇ ਦੇ ਦਰ ਦਾ ਪਥਰ ਏਂ ਜਿਸ ਦੇ ਦਰ ਤੇ ਤਿਨ ਲੋਕ ਝੁਕ ਕੇ ਨਿਮਸ਼ਕਾਰਾਂ ਕਰਦੇ ਹਨ ਉਸ ਦਰ ਦਾ ਪਥਰ ਏਂ ਤਕੜਾ ਹੋ ਡੋਲ ਨਾ, ਇਹ ਬਾਣੀ ਪਥਰਾਂ ਨੂੰ ਵੀ ਤਾਰਨ ਹਾਰ ਏ । ਫਿਰ ਅਵਾਜ਼ ਆਈ ਕਿ ਮੈਂ ਮੰਨਦੀ ਹਾਂ, ਤੂੰ ਕਾਲਾ ਕਾਂ ਏਂ ਪਰ ਤਕੜਾ ਹੋ ਪ੍ਰਤੀਤ ਲਿਆ, ਮਨ ਨੂੰ ਸਚੇ ਵਿਸ਼ਵਾਸ਼ ਵਿਚ ਜੋੜ ਇਹ ਸਚਾਈ ਹੈ ਕਿ ਕੇਵਲ ਐਸੀ ਗੁਰੂ ਨਾਨਕ ਦੀ ਸਤ ਸੰਗਿਤ ਅੰਦਰ ਕਾਲੇ ਕਾਂ ਵੀ ਕਦੀ ਮਾਨ-ਸਰੋਵਰ ਤੇ ਰਹਿਣ ਵਾਲੇ ਹੰਸ ਬਣ ਜਾਂਦੇ ਹਾਂ, ਸਚ ਜਾਣੋ ਡੁਬਦੇ ਨੂੰ ਕਹਿੰਦੇ ਹਨ ਤੀਲੇ ਦਾ ਸਹਾਰਾ ਵੀ ਬਚਾ ਲੈਂਦਾ ਹੈ ਮੇਰੇ ਅੰਦਰ ਵੀ ਐਸੀ ਪ੍ਰਤੀਤ ਆਈ ਕਿ ਭੁਲੜਾ ਇਹ ਸੰਗਤ ਗੁਰਮੁਖਾਂ ਹਰ ਜਨਾਂ ਦੀ ਸੰਗਤ ਗੁਰੂ ਸਾਹਿਬ ਦੀ ਸਤਿਸੰਗਤ ਹੈ ਜੇ ਤੇ ਇਸ ਵਿਚ ਜੁੜਿਆ ਰਹੇਂਗਾ ਤੇਰਾ ਵੀ ਬੇੜਾ ਪਾਰ ਹੋ ਜਾਵੇਗਾ ਕੇਵਲ ਉਸ ਦੀ ਨਦਰ ਸਵੱਲੀ ਦੀ ਲੋੜ ਹੈ ਫਿਰ ਤੇ ਕਾਗੋਂ ਹੰਸ ਉਹ ਛਿਨ ਵਿਚ ਕਰ ਦੇਂਦਾ ਹੈ ।

ਇਹ ਅੰਦਰਲੀ ਲੜਾਈ ਲੜਦਿਆਂ ਹੀ ਭਾਈ ਸਾਹਿਬ ਆਤਮਾ ਸਿੰਘ ਜੀ ਹੋਰਾਂ ਦਾਸ ਨੂੰ ਬਾਹੋਂ ਫੜਕੇ ਹਲੂਣਾ ਦਿਤਾ ਤੇ ਹੁਕਮ ਕੀਤਾ ਚਲੋ ਕੀਰਤਨ ਕਰੋ ਦਾਸ ਰਾ ਸਤ ਬਚਨ ਆਖ ਕੇ ਅਗੇ ਵਧਿਆ, ਭਾਈ ਜੀਵਨ ਸਿੰਘ ਵਾਜਾ ਛਡ ਕੇ ਪਿਛੇ ਹੋ ਗਏ ਸਚੁ ਸਾਹੁ ਹਮਾਰਾ ਵਾਲਾ ਛਕਾ ਆਰੰਭ ਕਰਨ ਤੋਂ ਪਹਿਲਾਂ ਵਾਹੋ ਵਾਹੋ ਸਚੇ ਪਾਤਸਾਹ ਤੂੰ ਸਚੀ ਨਾਈ । ਤੇ ਇਸ ਨਾਲ ਮਿਲਦੇ ਜੁਲਦੇ ਪਰਕਰਣ ਦੇ ਸ਼ਬਦ ਹੋਰ ਵੀ ਕਾਫੀ ਪੜੇ ਪਰ ਗੁਰੂ ਗੁਰੂ ਦੀ ਉਹ ਛਹਿਬਰ ਲਗੀ ਸਚੀ ਇੰਜ ਮਹਿਸੂਸ ਹੋਵੇ ਇਹ ਮੰਤਰ ਖਾਲਸੇ ਨੂੰ ਬਖਸ਼ ਕੇ ਗੁਰੂ ਸਾਹਿਬ ਨੇ ਵਾਕਿਆ ਹੀ ਆਪਣੇ ਨਾਲ ਅਭੇਦ ਕਰ ਲਿਆ ਲਟਬੌਰੇ ਹੋ ਹੋ ਕੇ ਗੁਰੂ ਪਿਆਰਿਆਂ ਨੇ ਉਹ ਧੁਨੀ ਲਾਈ ਕਿ ਧਰਤਿ ਅਕਾਸ਼ ਗੂੰਜ ਉਠੇ ਬਸ, ਹਮ ਭੀ ਸੰਗ ਅਘਾਏ ਭਰੇ ਜਹਾਜ਼ ਵਿਚ ਸਵਾਰ ਹੋ ਕੇ ਜਿਵੇਂ ਇਕ ਕੰਗਾਲ ਵੀ ਸ਼ਾਹ ਅਮੀਰਾਂ ਨਾਲ ਪਾਰ ਹੋ ਜਾਂਦਾ ਹੈ ਇੰਜ ਹੀ ਮਹਿਸੂਸ ਹੋ ਰਿਹਾ ਸੀ ਧੰਨ ਸਤਿਗੁਰੂ ਮੈਂ ਅਪਣੀ ਕਰਣੀ ਕਰਤੂਤ ਵਲ ਵੇਖਾਂ ਤੇ ਨਰਕ ਵਿਚ ਵੀ ਢੋਈ ਨਹੀਂ ਪਰ ਤੁਸਾਂ ਨੇ ਪਿਰਮ ਜੀ ਉਲਟੇ ਖੇਲ ਵਰਤਾਕੇ ਸਭ ਨੂੰ ਤਾਰਨਾ ਜੁ ਹੋਇਆ ਸਭ ਜੀ ਤੇਰੇ ਹਨ ਤੂੰ ਆਪ ਹੀ ਰਾਖੀ ਕਰਨੀ ਹੈ ਤੇ ਕਰ ਰਿਹਾ ਹੈਂ ।

ਇਸ ਤਰ੍ਹਾਂ ਇਹ ਸਵੇਰ ਦਾ ਕੀਰਤਨ ਬੜੇ ਪਿਆਰਾਂ ਰੰਗਾਂ ਵਿਚ ਹੋਇਆ । ਇਸੇ ਹੀ ਸ਼ਾਮ ਨੂੰ ਰਾਤੀਂ ਬੜੀਆਂ ਖੁਸ਼ੀਆਂ ਅੰਦਰ ਭਾਈ ਮੋਹਣ ਸਿੰਘ ਜੀ ਹੋਰਾਂ ਕੀਰਤਨ ਅਰੰਭ ਕੀਤਾ । ਉਪਰੰਤ ਨਿਹੰਗ ਸਿੰਘ ਅਮਰ ਸਿੰਘ ਜੀ ਹੁਸ਼ਿਆਰਪੁਰ ਵਾਲਿਆਂ ਬਹੁਤ ਹੀ ਪਿਆਰ ਅੰਦਰ ਸ਼ਬਦ ਪੜ੍ਹਿਆ—

ਹਰਿ ਸਿਮਰਤੁ ਤੇਰੀ ਗਈ ਬਲਾਇ ॥

ਇਹ ਸ਼ਬਦ ਕੀ ਸੀ ਬਸ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਅਥਾਹ ਸ਼ਰਧਾ ਲਿਆਉਣ ਦਾ ਹੋਕਾ ਦੇ ਰਿਹਾ ਸੀ । ਸੰਗਤਾਂ ਨੇ ਇਸ ਸ਼ਬਦ ਦਾ ਬਹੁਤ ਅਨੰਦ ਮਾਣਿਆ । ਫਿਰ ਦਾਸ ਨੇ ਹਾਜ਼ਰੀ ਭਰੀ, ਉਪਰੰਤ ਬੀਬੀ ਅਮਰਜੀਤ ਕੌਰ ਜੀ ਚੰਡੀਗੜ੍ਹ ਵਾਲੇ ਬੈਠੇ ਸੁਰਤ ਜੋੜ ਤਿੰਨ ਤਾਲ ਵਿਚ ਮਲਾਰ ਰਾਗ ਅੰਦਰ



www.AKJ.Org

ਸਾਵਣ ਆਇਆ ਝਿਮ ਝਿਮਾ ॥

ਐਸਾ ਸੁਰ ਤਾਲ ਵੈਰਾਗ ਪਿਆਰ ਲੈਅ ਵਿਚ ਸ਼ਬਦ ਪੜ੍ਹਿਆ । ਗੁਰਦਵਾਰੇ ਸਾਹਿਬ ਦਾ ਹਾਲ ਗੂੰਜ ਉਠਿਆ । ਨਾਲ ਮਿਲਵੇ ਜੁਲਵੇ ਹੋਰ ਵੀ ਇਲਾਹੀ ਬਾਣੀ ਦੇ ਸ਼ਬਦ ਪੜੇ ਗੁਰੂ ਕੇ ਲਾਲਾਂ ਸੁਰਤੀਸ਼ਰਾਂ ਨੇ ਖੂਬ ਛਾਂਦੇ ਭੁੰਚੇ । ਮੇਰੇ ਵਰਗੇ ਮੂਰਖ-ਮੁਗਧ ਨੂੰ ਵੀ ਇਹ ਧੰਨ ਧੰਨ ਸੁਹਾਵੀ ਸਫਲ ਘੜੀ ਪ੍ਰਾਪਤ ਹੋਈ ਕੋਟਾਨ ਕੋਟ ਸ਼ੁਕਰਾਨਾ ਹੈ ਪਿਆਰੇ ਸਿਰਜਣਹਾਰੇ ਦਾ ਜਿਸ ਦੀ ਕਿਰਪਾ ਸਦਕਾ ਅਨੰਤ ਤਰੰਗੀ ਕੀਰਤਨਾਂ ਦੇ ਲਾਹੇ ਮਿਲੇ, ਇਹਨਾਂ ਰੰਗਾਂ ਵਿਚ 14 ਤਰੀਕ ਦੇ ਸਮਾਗਮ ਦੀ ਸਮਾਪਤੀ ਹੋਈ । 15-8-70 ਅੰਮ੍ਰਿਤ ਵੇਲੇ ਤੋਂ ਪਿਆਰੇ ਵੀਰ ਭਾਈ ਮਹਿੰਦਰ ਸਿੰਘ ਜੀ ਹਰਦੁਆਰ ਵਾਲਿਆਂ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਇਲਾਹੀ ਰੰਗਾਂ ਵਿਚ ਕੀਤੇ । ਸ਼ਾਮੀ 5 ਵਜੇ ਤੋਂ ਭਾਈ ਇੰਦਰ ਸਿੰਘ ਜੀ ਹੋਰਾਂ ਦੇ ਬੁੰਗੇ ਅੰਮ੍ਰਿਤ ਸੰਚਾਰ ਅਰੰਭ ਹੋਇਆ, ਸਚੇ ਸਾਹਿਬ ਦੀਆਂ ਬਹੁਤ ਬਖਸ਼ਸ਼ਾਂ ਹੋਈਆਂ ਇਸੇ ਸਮਾਗਮ ਅੰਦਰ ਬੀਬੀ ਸੁਰਿੰਦਰ ਕੌਰ ਜੀ ਜਿਨ੍ਹਾਂ ਦਾ ਅਨੰਦ ਕਾਰਜ ਸੀ; ਅੰਮ੍ਰਿਤ ਛਕਣ ਲਈ ਪੇਸ਼ ਹੋਏ । ਬੀਬੀ ਜੀ ਨੇ ਸਤਿਗੁਰੂ ਦੀ ਪਿਆਰ ਭਰੀ ਰਹਿਤ ਕੇਸਕੀ ਸਮੇਤ ਕਈ ਸਾਲ ਪਹਿਲਾਂ ਹੀ ਧਾਰਨ ਕੀਤੀ ਹੋਈ ਸੀ ਪਰ ਅਜੇ ਤਕ ਅੰਮ੍ਰਿਤ ਪਾਨ ਨਹੀਂ ਕੀਤਾ ਸੀ, ਬੀਬੀ ਜੀ ਬੜੇ ਹੀ ਚੜਦੀਆਂ ਕਲਾ ਵਿਚ ਤਿਆਰ ਬਰ ਤਿਆਰ ਹੋਏ, ਇਧਰ ਅੰਮ੍ਰਿਤ ਸੰਚਾਰ ਹੋ ਰਿਹਾ ਸੀ ਉਧਰ ਸ਼ਾਮੀਂ ਰੈਣਸਬਾਈ ਕੀਰਤਨ ਸ੍ਰੀ ਗੁਰਦਵਾਰੇ ਗੋਬਿੰਦ ਨਗਰ ਵਿਖੇ ਭਾਈ ਜੀਵਨ ਸਿੰਘ ਜੀ ਹੋਰਾਂ ਅਰੰਭ ਕੀਤਾ ਉਹਨਾਂ ਤੋਂ ਮਗਰੋਂ ਭਾਈ ਸਾਹਿਬ ਮਹਿੰਦਰ ਸਿੰਘ ਜੀ ਪਟਿਆਲੇ ਦੇ ਜਥੇ ਨੇ ਕੀਰਤਨ ਅਰੰਭ ਕੀਤਾ । ਜਿਸ ਵੇਲੇ ਪੰਜ ਪਿਆਰੇ 2 ਵਜੇ ਅੰਮ੍ਰਿਤ ਵੇਲੇ ਦੀਵਾਨ ਵਿਚ ਗਏ ਤਨ ਮਨ ਅਗੇ ਰਖਕੇ ਭਾਈ ਮਹਿੰਦਰ ਸਿੰਘ ਜੀ ਪਟਿਆਲੀਏ ਉਭੀ ਸੇਵਾ ਕਰ ਰਹੇ ਸਨ ਪੰਜਾਂ ਦੇ ਸਨਮੁਖ ਪਿਆਰੇ ਨੇ ਹੋਰ ਵੀ ਵਿਗਾਸ ਵਿਚ ਆ ਕੇ ਕੀਰਤਨ ਦੀਆਂ ਧੁਨਾਂ ਅਰੰਭੀਆਂ, ਜ਼ਰਾ ਜ਼ਰਾ ਗੂੰਜ ਉਠਿਆ, ਭਿਨੜੀ ਰੈਣ ਦੇ ਤਾਰੇ ਚਮਕ ਰਹੇ ਸਨ, ਇਧਰ ਰਾਮ ਪਿਆਰੇ ਜਾਗ ਕੇ ਸਚੀ ਕਾਰ ਵਿਚ ਜੁਟੇ ਹੋਏ ਸਨ ਸਿਖੀ ਸਿਖਿਆ ਗੁਰ ਵੀਚਾਰ ਦੀ ਸਚੀ ਕਾਰ ਵਿਚ ਸੁਰਤਾਂ ਉਚੀਆਂ ਕਰਕੇ ਸ਼ਬਦ ਸੁਰਤ ਵਿਚ ਲੀਨ ਹੋ ਸਰਸ ਰਹੇ ਸਨ ਸਾਰੇ ਹੀ ਪਾਸੇ ਰਬੀ ਨੂਰ ਦੀਆਂ ਝਲਕਾਂ ਸਰਸ਼ਾਰ ਕਰ ਰਹੀਆਂ ਸਨ ਪੰਚਾਂ ਨੇ ਅੰਤਰਗਤੀ ਭਾਈ ਮਹਿੰਦਰ ਸਿੰਘ ਜੀ ਹੋਰਾਂ ਨੂੰ ਅਸੀਸਾਂ ਬਖਸ਼ੀਆਂ ਤੇ ਤੁਰ ਗਏ ਉਪਰੰਤ ਸਾਰੀਆਂ ਬੀਬੀਆਂ ਨੇ ਕੀਰਤਨ ਕੀਤਾ ਸਵੇਰੇ ਫਿਰ ਭਾਈ ਮਹਿੰਦਰ ਸਿੰਘ ਕੀਰਤਨ ਕਰਨ ਆ ਡਟੇ ਤੇ ਸਮਾਪਤੀ ਸਾਰੇ ਸਮਾਗਮ ਦੀ ਉਹਨਾਂ ਹੀ ਕੀਤੀ । ਪਾਠਕ ਜਨੋਂ ਆਉ ਹੁਣ ਆਪ ਇਸ ਅੰਬਾਲੇ ਦੇ ਸਮਾਗਮ ਦਾ ਤੱਤ ਨਿਚੋੜ ਜੋ ਸਹੀ ਅਰਥਾਂ ਵਿਚ ਗੁਰਮਤਿ-ਅਨੰਦ ਕਾਰਜ ਹੋਇਆ ਉਸ ਨੂੰ ਦਸਦੇ ਹਾਂ ਆਪ ਜੀ ਪਿਆਰ ਨਾਲ ਪੜ੍ਹੋ । ਕਾਕਾ ਅਮਰਜੀਤ ਸਿੰਘ ਦੇ ਪਿਤਾ ਸ: ਟਹਿਲ ਸਿੰਘ ਜੀ ਚੌਧਰੀ (ਕਹੂਟਾ ਨਿਵਾਸੀ) ਹਾਲ ਅਲਾਹਬਾਦ ਵੀ ਪਹੁੰਚ ਗਏ । ਭਾਵੇਂ ਪਹਿਲਾਂ ਉਹਨਾਂ ਦੇ ਮਨ ਅੰਦਰ ਕੁਝ ਹੋਰ ਖਿਆਲ ਹੋਵਣ ਪਰ ਜਦੋਂ ਅਨੰਦ ਕਾਰਜ ਦੀ ਰਸਮ ਅਦਾ ਹੋ ਚੁਕੀ ਤੇ ਉਹਨਾਂ ਦੇ ਮਨ ਦੀ ਸ਼ਰਧਾ ਪਿਆਰ ਤੇ ਹਿਰਦੇ ਅੰਦਰ ਏਨਾ ਵੈਰਾਗ ਸੀ ਕਿ ਕੁਝ ਬਿਆਨ ਨਹੀਂ ਹੋ ਸਕਦਾ । ਕੀਰਤਨ ਹੁੰਦਿਆਂ ਹੀ ਸੁਭਾਗ ਜੋੜੀ ਸੰਗਤ ਵਿਚ ਪੁਜੀ ਦੇਖਣ ਵਾਲੇ ਹੈਰਾਨ ਸਨ ਕਿ ਕਾਕਾ ਅਮਰਜੀਤ ਸਿੰਘ ਜੀ ਜੋ ਦਾਰਜੀਲਿੰਗ ਅਛੀ ਸਰਕਾਰੀ ਨੌਕਰੀ ਤੇ ਹੋਣ ਦੇ ਬਾਵਜੂਦ ਭੀ ਸਾਦ ਮੁਰਾਦੇ ਖੁਲੇ ਦਾਹੜੇ ਸੁਰਮੀ ਦਸਤਾਰੇ ਉਪਰਦੀ ਸ੍ਰੀ ਸਾਹਿਬ ਸੀਸ ਤੇ ਖੰਡਾ ਨਿਸ਼ਾਨ ਸ਼ੋਭ ਰਿਹਾ ਸੀ । ਨੈਣ ਨਸ਼ੀਲੇ ਚਮਕਦਾ ਮਸਤਕ, ਲਾਲ ਮੁਖੜੇ ਸਾਹਿਤ ਧੋਤੇ ਹੋਏ ਕਪੜੇ (ਬਸਤਰ) ਪਹਿਨ ਦੂਹਲਾ ਜੀ ਆਏ । ਇਸ ਤਰ੍ਹਾਂ ਦਾ ਦੂਹਲਾ (ਲਾੜਾ) ਕਲਗੀਧਰ ਦਾ ਪਿਆਰਾ ਲਾਲ ਮੈਂ ਹੀ ਨਹੀਂ ਬਲਕਿ ਹੋਰ ਵੀ ਸੰਗਤਾਂ ਨੇ ਸ਼ਾਇਦ ਪਹਿਲੀ ਵਾਰ ਹੀ ਤਕਿਆ ਹੋਵੇ ਕੋਈ ਖਿਟਆਈਆਂ ਮਿਠਆਈਆਂ ਨਹੀਂ ਉਪਰੋਕਤ ਸੰਸਾਰਿਕ ਲੋਕ ਦਿਖਾਵੇ ਤੋਂ ਇਲਾਵਾ ਗੁਰੂ ਕਾ



www.AKJ.Org

ਲੰਗਰ, ਗੁਰੂ ਕੀ ਸੰਗਤ, ਗੁਰੂ ਦਾ ਪਹਿਰਾਵਾ, ਗੁਰੂ ਦੀ ਬਾਣੀ ਵਿਚ ਭਿਜੇ ਮਨ ਵਾਲਾ ਲਾੜਾ ਆਪਨੇ ਆਪ ਨੂੰ ਵਡਭਾਗਾ ਸਮਝ ਕੇ ਗੁਰੂ ਮਹਾਰਾਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਇਆ। ਭਾਈ ਸਾਹਿਬ ਦੁਰਲੱਭ ਸਿੰਘ ਜੀ ਅੰਬਾਲਾ ਨਿਵਾਸੀ ਦੀ ਪਿਆਰੀ ਸਪੁਤਰੀ ਬੀਬੀ ਸੁਰਿੰਦਰ ਕੌਰ ਜੀ ਸਾਰੀ ਰਾਤ ਹੀ ਜਾਗ ਕੇ ਪੰਚਾਂ ਤੋਂ ਅੰਮ੍ਰਿਤ ਦੀ ਦਾਤ ਪਰਾਪਤ ਕਰ ਚੁਕੀ ਸੀ। ਤਿਆਰ ਬਰ ਤਿਆਰ ਦਸਮੇ ਦੁਆਰ ਸਜੀ ਦਸਤਾਰ ਸਜੁੰਕਤ ਗੁਰੂ ਕੀ ਸੰਗਤ ਵਿਚ ਪੁਜ ਗਏ ਆਮ ਸੰਸਾਰੀ ਜਿਵੇਂ ਜੋੜੀ ਥਲੇ ਬੜੇ (ਡਬਲ ਡਬਲ) ਦੂਹਰੇ ਆਸਨ ਵਿਛੌਂਦੇ ਹਨ ਤੇ ਹੋਰ ਵੀ ਕਈ ਰਸਮਾਂ ਕਰਦੇ ਹਨ ਇਸਦੇ ਉਲਟ ਇਹ ਗੁਰੂ ਕੇ ਮਰਜੀਵੜੇ ਗੁਰਸਿਖ ਹੰਸਾਂ ਦੀ ਜੋੜੀ ਅਨੰਦ-ਵੀਵਾਹ ਲਈ ਬਿਲਕੁਲ ਸਾਦੇ ਨੰਗੇ ਫ਼ਰਸ਼ ਤੇ ਬੈਠਾ ਦਿਤੀ। ਇਹ ਗੁਰੂ ਚਰਨਾਂ ਦੇ ਭੌਰੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਦੇ ਸਨਮੁਖ ਚੌਂਕੜੇ ਮਾਰ ਕੇ ਸਜ ਗਏ ਇਸ ਸੁਭਾਗ ਜੋੜੀ ਦੇ ਨਾਮ ਜਪੰਦੜੇ ਨੂਰਾਨੀ ਚਿਹਰਿਆਂ ਦੀਆਂ ਰੌਣਕਾਂ ਤੇ ਸਾਹਿਬ ਦੀ ਮੇਹਰਾਂ ਦੇ ਰੰਗ ਵੇਖਣ ਲਈ ਬਹੁਤ ਸੰਗਤਾਂ ਗੈਲਰੀ ਵਿਚ ਬੈਠ ਕੇ ਦੇਖ ਰਹੀਆਂ ਸਨ। ਦਾਸਰੇ ਨੂੰ ਹੁਕਮ ਹੋਇਆ ਕਿ ਉਠੋ ਅਨੰਦ ਕਾਰਜ ਦੀ ਅਰੰਭਤਾ ਦੀ ਅਰਦਾਸ ਕਰਕੇ ਕਾਰਜ ਅਰੰਭ ਕਰਾਉ ਦਾਸਰਾ ਹੁਕਮ ਮੰਨ ਕੇ ਅਗੇ ਹੋਇਆ ਅਰੰਭਤਾ ਦੀ ਅਰਦਾਸ ਕੀਤੀ, ਉਪਰੰਤ ਭਾਈ ਹਜ਼ਾਰਾ ਸਿੰਘ ਜੀ ਗੁਰਦਾਸਪੁਰੀ ਜੋ ਸਾਰੀ ਰਾਤ ਦੇ ਸਾਹਿਬ ਦੀ ਹਜ਼ੂਰੀ ਵਿਚ ਸਜੇ ਹੋਇ ਸਨ ਉਹਨਾਂ ਹੁਕਮਨਾਮਾ ਲਿਆ, ਕੀਰਤਨ ਦੀ ਸੇਵਾ ਤੇ ਭਾਈ ਮਹਿੰਦਰ ਸਿੰਘ ਜੀ ਪਟਿਆਲਾ ਹੀ ਸਜੇ ਹੋਏ ਸਨ. ਉਹਨਾਂ ਬੜੇ ਪਿਆਰ ਵਿਚ—

ਕਾਰਜ ਸਗਲਿ ਅਰੰਭਿਉ ਘਰੁ ਕਾ,
ਠਾਕੁਰ ਕਾ ਭਰੋਸਾ।

ਸ਼ਬਦ ਅਰੰਭਿਆ, ਵਰ ਕੰਨਿਆਂ ਨੂੰ ਪਲਾ ਭਾਈ ਦੁਰਲਭ ਸਿੰਘ ਹੋਰਾਂ ਪਕੜਾਇ ਦਿਤਾ, ਭਾਈ ਸਾਹਿਬ 'ਪਲੈ ਤੈਂਡੇ ਲਾਗੀ' ਸ਼ਬਦ ਪੜ੍ਹ ਰਹੇ ਸਨ। ਉਪਰੰਤ ਲਾਵਾਂ ਦਾ ਪਾਠ ਤੇ ਕੀਰਤਨ ਅਰੰਭ ਹੋ ਗਏ ਸੁਭਾਗ ਜੋੜੀ ਆਪਣੇ ਆਪ ਸਤਿਗੁਰੂ ਨੂੰ ਮੱਥਾ ਟੇਕ ਕੇ ਉਠੇ ਤੇ ਪਰਕਰਮਾ ਕਰਕੇ ਆਪੇ ਹੀ ਸਜ ਗਈ। ਇਸੇ ਤਰ੍ਹਾਂ ਚਾਰ ਲਾਵਾਂ ਹੋਈਆਂ। ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਹੋਇਆ, ਸਾਰੇ ਪਾਸੇ ਸ਼ਾਂਤਮਈ ਵਾਤਾਵਰਣ ਸੀ, ਇੰਜ ਮਹਿਸੂਸ ਹੋ ਰਿਹਾ ਸੀ ਗੁਰੂ ਸਾਹਿਬ ਪ੍ਰਗਟ-ਪਹਾਰੇ ਵਰਤ ਕੇ ਆਪਣੀਆਂ ਗੁਪਤ ਪਿਆਰ ਵਾਲੀਆਂ ਰੂਹਾਂ ਤੋਂ ਸਾਰੇ ਕਾਰਜ ਕਰ ਰਹੇ ਹਨ, ਲਾਵਾਂ ਤੇ ਅਨੰਦ ਸਮਾਪਤੀ ਨਾਲ ਹੀ ਭਾਈ ਸਾਹਿਬ ਹੋਰਾਂ ਮੇਰੇ ਮਨ ਅਨੰਦ ਭਇਆ ਜੀਉ ਵਜੀ ਵਧਾਈ॥ ਸ਼ਬਦ ਪੜ੍ਹਿਆ। ਫਿਰ 'ਪੰਚੇ ਸ਼ਬਦ ਵਜੇ ਮਤਿ ਗੁਰਮਤਿ......' ਹਰਿ ਪ੍ਰਭ ਮੇਰੇ ਬਾਬਲਾ ਹਰਿ ਦੇਵਹੁ ਦਾਨ ਮੈ ਦਾਜੋ॥ ਉਪਰੰਤ 'ਵੀਵਾਹੁ ਹੋਆ ਮੇਰੇ ਬਾਬੁਲਾ॥' ਅਖ਼ੀਰ ਤੇ 'ਪੂਤਾ ਮਾਤਾ ਕੀ ਅਸੀਸ॥' ਉਪਰੋਕਤ ਤੁਕਾਂ ਲਿਖਣ ਪੜ੍ਹਨ ਲਗਿਆਂ ਤੇ ਦੇਰ ਨਹੀਂ ਲਗੀ ਪਰ ਕੀਰਤਨ ਵਿਚ ਇਹਨਾਂ ਤੇ ਦੋ ਘੰਟੇ ਲਗੇ। ਭਾਵੇਂ ਪਹਿਲੇ ਦਿਨ ਦੀ ਥਕਾਵਟ ਤੇ ਸਾਰੀ ਰਾਤ ਦਾ ਉਨੀਂਦਰਾ ਸੀ ਪਰ ਕਿਸੇ ਦੀ ਰੁਚੀ ਸਮਾਪਤੀ ਵਲ ਨਹੀਂ ਸਾਰੇ ਹੀ ਗੁਰਮਤਿ ਅਨੰਦ ਕਾਰਜ ਨੂੰ ਵੇਖ ਕੇ ਨਿਹਾਲ ਨਿਹਾਲ ਹੋ ਚੁਕੇ ਸਨ ਐਸਾ ਕਮਾਲ ਦਾ ਸਾਦਗੀ ਵਿਚ ਸਹੀ ਗੁਰਮਤਿ ਅਨੁਸਾਰ ਅਨੰਦ ਕਾਰਜ ਦਾਸ ਨੇ ਤੇ ਪਹਿਲੀ ਵਾਰੀ ਦੇਖਿਆ। ਕੀਰਤਨ ਦੀ ਸਮਾਪਤੀ ਉਪਰੰਤ ਦਾਸਰੇ ਨੇ ਅਰਦਾਸ ਕੀਤੀ, ਪ੍ਰੇਮ-ਬਿਹਬਲਤਾ ਵਿਚ ਪਤਾ ਨਹੀਂ ਕਿੰਨੀ ਕੁ ਲੰਬੀ ਅਰਦਾਸ ਹੋਈ ਕਿਵੇਂ ਹੋਈ; ਇਹ ਗੁਰੂ ਸਾਹਿਬ ਹੀ ਜਾਣਦੇ ਹਨ, ਉਪਰੰਤ ਹੁਕਮਨਾਮਾ ਆਇਆ:—

ਸੁਣ ਯਾਰ ਹਮਾਰੇ ਸਜਨ ਇਕ ਕਰਉ ਬੇਨਤੀਆ।
ਤਿਸੁ ਮੋਹਿਨ ਲਾਲੁ ਪਿਆਰੇ ਹਉ ਫਿਰਉ ਖੋਜੰਤੀਆ।

ਹੁਕਮਨਾਮੇ ਉਪਰੰਤ ਗੁਰੂ ਘਰ ਦੇ ਨਿਸ਼ਕਾਮ ਸੇਵਕ ਦੀਦਾਰੀ ਸਿੰਘ ਭਾਈ ਸਾਹਿਬ ਸ: ਸਨਮੁਖ ਸਿੰਘ ਜੀ ਸਜਲ ਨੇਤਰਾਂ ਉਠੇ ਤੇ ਫ਼ਤਹਿ ਗਜਾਈ। ਸਾਰੀਆਂ ਸੰਗਤਾਂ ਨੂੰ ਸੰਬੋਧਨ ਕਰਕੇ ਬੜੇ ਪਿਆਰ, ਠਰ੍ਹੰਮੇਂ ਤੇ



www.AKJ.Org

ਗਰਜਵੀਂ ਅਵਾਜ਼ ਅੰਦਰ ਬੇਨਤੀ ਕੀਤੀ ਕਿ ਪਿਆਰੇ ਖਾਲਸਾ ਜੀ; ਅਸੀਂ ਸਾਰੇ ਧੀਆਂ ਪੁਤਰਾਂ ਵਾਲੇ ਹਾਂ; ਕਲ ਨੂੰ ਅਸਾਂ ਵੀ ਬਚਿਆਂ ਦੇ ਅਨੰਦ ਕਾਰਜ ਕਰਨੇ ਹਨ ਤੇ ਕਰਦੇ ਵੀ ਰਹਿੰਦੇ ਹਾਂ ਸਾਡੇ ਅਨੰਦ ਕਾਰਜਾਂ ਦੇ ਰਸਮੋ ਰਿਵਾਜ ਤੇ ਨਿਰੇ ਮਨਮਤਿ ਵਾਲੇ ਹੁੰਦੇ ਹਨ ਜੈਂਵਾਂ ਚਾੜ੍ਹਨੀਆਂ, ਮਾਸ ਸ਼ਰਾਬਾਂ ਦੇ ਦੌਰ ਚਲਣੇ, ਵਾਜਿਆਂ, ਲਾਈਟਾਂ ਤੇ ਫ਼ਜ਼ੂਲ ਖਰਚੀ ਕਰਨੀ, ਗੁਰੂ ਕੇ ਸਿੰਘ ਅਖਵਾਣ ਦੇ ਨਾਤੇ ਭੀ ਭੰਗੜੇ ਤੇ ਗੰਦੇ ਗੀਤ ਬੋਲਣੇ, ਦਾਜ ਦੁਹੇਲੇ ਦੀਆਂ ਮੰਗਾਂ ਕਰਨੀਆਂ, ਮਿਲਣੀਆਂ ਕਰਨੀਆਂ, ਸੇਹਰੇ ਬੋਲਣੇ ਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੋਈ ਪਤਾ ਨਹੀਂ ਰਾਗੀ ਸਿੰਘ ਕੀ ਪੜ ਰਹੇ ਹਨ ਜਾਂ ਕਿਵੇਂ ਅਸੀਂ ਅਦਬ ਨਾਲ ਬੈਠਣਾ ਹੈ, ਰਾਗੀ ਸਿੰਘਾਂ ਵਲ ਪਿਠ ਕਰ ਕੇ ਲਾਵਾਂ ਵੇਲੇ ਖੜੇ ਹੋ ਜਾਣਾ ਫੜ ਫੜ ਕੇ ਕੁੜੀ-ਮੁੰਡੇ ਨੂੰ ਅਗੇ ਤੋਰਨਾ ਕੇਵਲ ਫੋਟੋਆਂ ਦੇ ਸ਼ੌਕ ਪਿਛੇ ਆਪੋ-ਧਾਪੀ ਰੌਲੇ ਰੱਪੇ ਅੰਦਰ ਗੁਰੂ ਸਾਹਿਬ ਜੀ ਵਲ ਪਿੱਠ ਕਰ ਕੇ ਹਾਰ ਪਾਣੇ, ਡਾਲਡੇ ਦੀ ਦੇਗ, ਉਹ ਵੀ ਤਮਾਕੂ ਪੀਣ ਵਾਲੇ ਹਲਵਾਈਆਂ ਕੋਲੋਂ ਕੜਾਹ ਪ੍ਰਸ਼ਾਦ ਤਿਆਰ ਕਰਵਾਕੇ, ਲੈਣ ਦੇਣ ਦੇ ਗੇੜ ਵਿਚ ਇਕ ਦੂਜੇ ਦਾ ਕੂੰਡਾ ਕਰ ਦੇਣਾ, ਲੜਕੀ ਲੜਕੇ ਨੇ ਭਾਵੇਂ ਅੰਮ੍ਰਿਤ ਛਕਿਆ ਹੋਵੇ ਜਾਂ ਨਾਂ ਕੋਈ ਪਰਵਾਹ ਨਹੀਂ, ਬਸ ਮਨਮਤ ਅਨੁਸਾਰ ਜੈ-ਮਾਲਾ ਪੁਆ ਲੈਣੀ, ਸਾਰੀਆਂ ਗੱਲਾਂ ਹੀ ਮਨਮਤਿ ਅਨੁਸਾਰ ਕਰਨੀਆਂ ਤੇ ਪਿਛੋਂ ਅਰਦਾਸ ਕਰਨੀ ਕਿ ਇਹ ਕਾਰਜ ਪੂਰਨ ਗੁਰਮਰਯਾਦਾ ਅਨੁਸਾਰ ਹੋਇਆ। ਅਖ਼ਬਾਰਾਂ ਵਿਚ ਵੀ ਇਹੋ ਚਰਚਾ ਕਰਾ ਦੇਣੀ ਕਿ ਗੁਰਮਤਿ ਅਨੁਸਾਰ ਅਨੰਦ ਕਾਰਜ ਹੋਇਆ ਤੇ ਫਲਾਣੀ ਅਖਬਾਰ ਨੂੰ ਪੰਜ ਜਾਂ ਗਿਆਰਾਂ ਰੁਪਏ ਧਰਮ ਕਾਰਜਾਂ ਦੀ ਮਾਇਆ ਵਿਚੋਂ ਪੁਜੇ,ਪਰ ਖਾਲਸਾ ਜੀ ਅਜ ਕਲ ਉਪਰ ਦਸੀ ਅਖੌਤੀ ਗੁਰਮਤਿ ਵਾਲੇ ਅਨੰਦ ਕਾਰਜ ਤੇ ਅਸੀਂ ਨਿਤ ਨਵੇਂ ਦਿਨ ਵੇਖਦੇ ਹਾਂ ਪਰ ਜੋ ਤੁਸਾਂ ਅਜ ਭੁਝੰਗੀ—ਅਮਰਜੀਤ ਸਿੰਘ ਜੀ ਤੇ ਬੀਬੀ ਸੁਰਿੰਦਰ ਕੌਰ ਜੀ ਦਾ ਅਨੰਦ ਕਾਰਜ ਹੋਇਆ ਵੇਖ ਕੇ ਦਿਲ ਬਾਗ ਬਾਗ ਹੋ ਗਿਆ ਹੈ ਏਥੋਂ ਤਕ ਕਿ ਜੋੜੀ ਥਲੇ ਸਾਦਾ ਕਪੜਾ ਵੀ ਨਹੀਂ ਵਛਾਇਆ। ਲਾਵਾਂ ਵੇਲੇ ਜੋੜੀ ਤੇ ਫੁਲਾਂ ਦੀਆਂ ਵਰਖਾ ਕਰਦੇ ਹਨ ਪਰ ਇਸ ਸੁਭਾਗ ਜੋੜੀ ਤੇ ਨਾਮ ਦੀ ਵਰਖਾ ਹੋ ਰਹੀ ਸੀ ਸੰਸਾਰੀ ਆਸਰੇ ਛਡ ਕੇ ਗੁਰੂ ਸਾਹਿਬ ਦੇ ਆਸਰੇ ਤੇ ਪਰਕਰਮਾ ਕਰ ਰਹੇ ਸਨ। ਖਾਲਸਾ ਜੀ ਜੋ ਅਜ ਦਾ ਅਨੰਦ ਕਾਰਜ ਤੁਸੀਂ ਦੇਖਿਆ ਹੈ ਸਹੀ ਅਰਥਾਂ ਵਿਚ ਏਸੇ ਨੂੰ ਗੁਰਮਤਿ ਅਨੁਸਾਰ ਹੋਇਆ ਅਨੰਦ ਕਾਰਜ ਆਖ ਸਕਦੇ ਹਾਂ ਤੇ ਹੈ ਵੀ ਏਹੋ। ਇਸ ਕਰ ਕੇ ਮੈਂ ਭਾਈ ਦੁਰਲਭ ਸਿੰਘ ਜੀ ਅੰਬਾਲਾ ਤੇ ਸ: ਟਹਿਲ ਸਿੰਘ ਜੀ 'ਅਲਾਹਬਾਦ' ਨੂੰ ਬਹੁਤ ਬਹੁਤ ਵਧਾਈ ਦੇਂਦਾ ਹਾਂ ਤੇ ਬਾਕੀ ਸਾਰਿਆਂ ਵੀਰਾਂ ਨੂੰ ਬੇਨਤੀ ਕਰਦਾ ਹਾਂ ਅਜ ਤੋਂ ਪ੍ਰਣ ਕਰੀਏ ਕਿ ਇਸ ਤਰ੍ਹਾਂ ਗੁਰਮਤਿ ਅਨੁਸਾਰ ਅਨੰਦ ਕਾਰਜ ਕਰਕੇ ਗੁਰੂ ਦੀਆਂ ਖੁਸ਼ੀਆਂ ਪਰਾਪਤ ਕਰਨੀਆਂ ਹਨ ਸਾਡੇ ਭੈਣ ਜੀ ਬੀਬੀ ਥਰਵਿੰਦਰ ਕੌਰ ਬੀ. ਏ. ਤੇ ਇਸ ਅਨੰਦ ਕਾਰਜ ਨੂੰ ਵੇਖਕੇ ਬਹੁਤ ਹੀ ਪ੍ਰਭਾਵਤ ਹੋਏ ਕਹਿੰਦੇ ਵੀਰ ਜੀ ਜੇ ਕਦੀ ਸਾਰੇ ਸਿਖ ਜਗਤ ਅੰਦਰ ਇਸ ਤਰ੍ਹਾਂ ਦੀ ਸਾਦਗੀ ਤੇ ਗੁਰੂ ਦੀ ਰਹਿਤ ਮਰਯਾਦਾ ਆ ਜਾਵੇ ਤੇ ਗੁਰੂ ਦੀ ਖੁਸ਼ੀਆਂ ਵੀ ਮਿਲਣ ਤੇ ਦਿਨੋਂ ਦਿਨ ਗੁਰੂ ਪੰਥ ਵਿਚ ਚੜ੍ਹਦੀ ਕਲਾ ਆਵੇ। ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਗੁਰਮਤਿ ਅਨੁਸਾਰ ਅਨੰਦ ਕਾਰਜ ਕਰਨ ਲਗਿਆਂ ਗੁਰੂ ਸਾਹਿਬ ਦਾ ਪੂਰਾ ਪੂਰਾ ਸਤਿਕਾਰ ਤੇ ਭੈ ਰਖੀਏ।

———



www.AKJ.Org

# ਪ੍ਰਿਅ ਕੀ ਪ੍ਰੀਤਿ

ਵਲੋਂ :
ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ

ਸਰਬ ਸ਼ਕਤੀਮਾਨ ਪਰਮਾਤਮਾ ਨੇ ਜਦੋਂ ਸਰਿਸ਼ਟੀ ਰਚਨਾ ਕੀਤੀ ਉਸ ਮਗਰੋਂ ਵਾਹਿਗੁਰੂ ਨੇ ਆਪਣੇ ਆਪ ਆਪਣੀ ਸੁੰਦਰ ਰਚਨਾ ਨਾਲ ਪਿਆਰ ਕੀਤਾ। ਸੋ ਦੁਨੀਆਂ ਦੇ ਆਰੰਭ ਤੋਂ ਹੀ ਸੁੰਦਰਤਾ ਤੇ ਪ੍ਰੀਤੀ ਦ੍ਰਿਸ਼ਟੀਮਾਨ ਹੋਏ ਤੇ ਆਦਿ ਤੋਂ ਹੀ ਇਨ੍ਹਾਂ ਦੋਹਾਂ ਦਾ ਪੱਕਾ ਤੇ ਨ ਟੁਟਨ ਵਾਲਾ ਸੰਬੰਧ ਰਿਹਾ। ਸੁੰਦਰਤਾ ਨੇ ਪਿਆਰ ਨੂੰ ਆਪਣੇ ਵਲ ਖਿਚਿਆ ਤੇ ਪਿਆਰੇ ਨੇ ਸੁੰਦਰਤਾ ਨੂੰ ਆਪਣੇ ਵਲ ਖਿਚਿਆ ਤੇ ਸੰਸਾਰ ਵਿਚ ਮਨੁਖੀ ਜੀਵਨ ਰੰਗ ਮਈ ਤੇ ਦਿਲਚਸਪ ਬਣਦਾ ਚਲਾ ਆਇਆ ਇਸ ਪ੍ਰੀਤਿ ਨੇ ਮਾਂ ਬਚੇ, ਬਾਪ ਬੇਟੇ, ਗੁਰੂ ਚੇਲੇ, ਭੈਣ ਭਾਈ, ਇਸਤ੍ਰੀ ਪਤੀ ਆਦਿ ਵਿਚ ਪ੍ਰਵੇਸ਼ ਕੀਤਾ। ਇਥੋਂ ਤਕ ਕਿ ਹੀਰ ਰਾਂਝਾ, ਲੇਲਾ ਮਜਨੂੰ, ਸਸੀ ਪੁਨੂੰ, ਸੋਹਨੀ ਮਹੀਵਾਲ ਜੈਸੇ ਪ੍ਰੇਮੀਆਂ ਨੇ ਆਪਣੇ ਪ੍ਰੇਮ ਤੇ ਦਿਲੀ ਖਿਚ ਦੀ ਸ਼ਕਤੀ ਨਾਲ ਦੁਨੀਆਂ ਵਿਚ ਪ੍ਰੇਮ ਦੀਆਂ ਅਦੁਤੀ ਮਿਸਾਲਾਂ ਕਾਇਮ ਕੀਤੀਆਂ ਤੇ ਪ੍ਰੇਮ (ਪ੍ਰੀਤਿ) ਨੂੰ ਕੀਮਤੀ ਬਨਾਇਆ। ਇਤਿਹਾਸ ਗਵਾਹ ਹੈ ਕਿ ਜਿਧਰ ਮਨੁਖ ਨੇ ਮਨੁਖੀ ਪ੍ਰੇਮ ਵਲ ਕਮਾਲ ਦਿਖਾਇਆ ਉਧਰ ਨਾਲ ਹੀ ਨਾਲ ਮਨੁਖ ਨੇ ਆਪਣੇ ਸਿਰਜਨਹਾਰ ਨਾਲ ਵੀ ਪ੍ਰੇਮ ਕਰਕੇ ਉਸਦੀ ਪ੍ਰਸੰਨਤਾ ਵੀ ਪ੍ਰਾਪਤ ਕੀਤੀ ਤੇ ਦੁਨੀਆਂਵੀ ਪ੍ਰੇਮ ਦੇ ਸਮਾਨਤਰ ਹੀ ਰਬੀ ਪ੍ਰੇਮ ਨੂੰ ਵੀ ਚਮਕਾਇਆ। ਸੋ ਪ੍ਰੇਮ ਦੋ ਪ੍ਰਕਾਰ ਦਾ ਹੋ ਗਿਆ ਜਿਸ ਨੂੰ ਮਨੁਖੀ ਪ੍ਰੇਮ ਤੇ ਰਬੀ ਪ੍ਰੇਮ (ਇਸ਼ਕ ਮਜ਼ਾਜੀ ਤੇ ਇਸ਼ਕ ਹਕੀਕੀ) ਆਖਦੇ ਹਨ।

ਮਿਜ਼ਾਜੀ ਇਸ਼ਕ ਖੁਦਗਰਜ਼ੀ ਤੇ ਆਧਾਰ ਰਖਦਾ ਹੈ, ਇਸ ਵਾਸਤੇ ਸਚਾ ਨਹੀਂ ਹੁੰਦਾ ਝੂਠਾ ਹੁੰਦਾ ਹੈ- ਪਰ ਹਕੀਮੀ ਇਸ਼ਕ (ਰਬੀ ਪਿਆਰ) ਆਦੀ ਤੇ ਦਾਤੇ ਵਲ ਕੇਂਦ੍ਰਤ ਹੋਨ ਕਰਕੇ ਸਚਾ ਤੇ ਸੁਚਾ ਪ੍ਰੇਮ ਕਿਹਾ ਜਾ ਸਕਦਾ ਹੈ ਤੇ ਹੈ ਭੀ ਸਚ। ਇਸ ਨਾਲ ਮਨੁਖ ਨੇ ਅਪਣੇ ਸਿਰਜਨਹਾਰ ਦੀ ਯਾਦ ਦੁਆਰਾ ਉਸ ਦਾ ਮਿਲਾਪ ਮੰਗਣਾ ਹੁੰਦਾ ਹੈ ਸੋ ਇਹ ਪ੍ਰੇਮ ਰਬੀ, ਆਦਿ ਤੇ ਸਚਾ ਹੋਣ ਕਰ ਕੇ ਹੀ 'ਪ੍ਰਿਅ ਕੀ ਪ੍ਰੀਤਿ' ਕਹਿਲਵਾਉਂਦਾ ਹੈ ਸ਼ਰਧਾ, ਲਗਨ, ਵਿਸ਼ਵਾਸ, ਖਿਚ ਤੇ ਵੈਰਾਗ ਇਸ ਦੇ ਥੰਮ ਹਨ। ਇਹ ਵੀ ਹੋ ਸਕਦਾ ਹੈ ਕਿ ਮਨੁਖ ਦਾ ਮਿਜ਼ਾਜੀ ਇਸ਼ਕ ਕਿਸੇ ਸਮੇਂ ਇਸ਼ਕ ਹਕੀਕੀ ਵਿਚ ਬਦਲ ਜਾਵੇ ਤੇ ਐਸਾ ਬਹੁਤ ਬਾਰ ਹੁੰਦਾ ਆਇਆ ਵੀ ਹੈ।

ਇਹ ਸਪਸ਼ਟ ਹੋਇਆ ਕਿ ਉਸ ਦਾਤੇ ਦੀ ਪ੍ਰੀਤ ਹੀ ਅਸਲੀ ਪ੍ਰੀਤ ਹੈ ਤੇ ਮਨੁਖੀ ਜੀਵਨ ਦਾ ਉਦੇਸ਼ ਹੀ ਇਸ ਪ੍ਰੀਤਿ ਵਲ ਆਕੇ ਦਾਤੇ ਨੂੰ ਰੀਝਾਉਂਦਾ ਹੈ ਹੁਣ ਇਹ ਵਿਚਾਰ ਕਰੀਏ ਕਿ ਇਹ ਪ੍ਰਿਅ-ਪ੍ਰੀਤਿ ਮਨੁਖ ਦੇ ਹਿਰਦੇ ਅੰਦਰ ਕਿਸ ਤਰ੍ਹਾਂ ਪੈਦਾ ਹੁੰਦੀ ਹੈ ਯਾ ਪੈਦਾ ਕੀਤੀ ਜਾ ਸਕਦੀ ਹੈ। ਦੁਨੀਆਂ ਵਿਚ ਕੋਈ ਵੀ ਐਸਾ ਮਨੁਖ ਨਹੀਂ ਜੇਹੜਾ ਕਿ ਆਪਣੇ ਸਿਰਜਨਹਾਰ ਦੀ ਪ੍ਰੀਤਿ ਨਹੀਂ ਚਾਹੁੰਦਾ। ਪਰ ਇਹ ਪ੍ਰੇਮ ਆਪ ਲਾਇਆ ਨਹੀਂ ਲਗਦਾ ਇਹ ਉਸ ਦਾਤੇ ਤੇ ਨਿਰਭਰ ਹੈ। ਗੁਰਵਾਕ ਅਨੁਸਾਰ :—

ਆਪਣਾ ਲਾਇਆ ਪਿਰਮੁ ਨ ਲਗਈ,
ਜੋ ਲੋਚੈ ਸਭੁ ਕੋਇ।
ਏਹੁ ਪਿਰਮੁ ਪਿਆਲਾ ਖਸਮ ਕਾ,
ਜੈ ਭਾਵੈ ਤੈ ਦੇਇ।

ਸਾਡੇ ਵਸ ਜੋ ਕੁਝ ਹੈ ਉਹ ਇਹ ਹੀ ਹੈ ਕਿ ਅਸੀਂ ਉਸ ਦਾਤੇ ਅਗੇ ਅਰਦਾਸੇ ਕਰੀਏ। ਆਪਣੇ ਆਪੇ



www.AKJ.Org

ਦਾ ਪੂਰਨ ਰੂਪ ਨਾਲ ਸਮਰਪਨ ਕਰੀਏ ਤਾਂ ਜੁ ਉਹ ਦਾਤਾ ਤਠੁਠੇ ਤੇ ਫੇਰ ਸਾਡੇ ਤੇ ਉਸ ਦੀ ਬਖਸ਼ਿਸ਼ ਹੋਵੇ । ਗੁਰਸਿੱਖ ਅੰਦਰ ਦਾਤੇ ਤੇ ਪੂਰਨ ਵਿਸ਼ਵਾਸ ਹੋਵੇ । ਅਪਣੇ ਆਪ ਨੂੰ ਉਸ ਦਾ 'ਲਾਲਾ ਗੋਲਾ' ਬਣਾਇ । ਉਸ ਦਾ ਭੈ ਰਖੇ । 'ਭੈ ਵਿਚ ਨਿਰਭਉ ਪਾਈਐ' ਦੇ ਅਨੁਸਾਰ ਸਾਡਾ ਕਰਮ ਇਹ ਹੀ ਹੈ । ਨਾਲ ਹੀ ਨਾਲ ਆਸ਼ਾ ਵਾਦੀ ਰਹਿਣਾ ਵੀ ਗੁਰਸਿਖ ਲਈ ਜ਼ਰੂਰੀ ਹੈ ਕਿਉਂ ਜੋ ਢਹਿੰਦੀਆਂ ਕਲਾਂ ਵਿਚ ਵਿਸ਼ਵਾਸ ਟੁਟ ਜਾਂਦਾ ਹੈ । ਮਨੁਖ ਡਾਵਾਂ ਡੋਲ ਹਾਲਤ ਵਿਚ ਉਸ ਦਾਤੇ ਦੀ ਬਖਸ਼ਿਸ਼ ਦੀ ਉਮੀਦ ਨਹੀਂ ਕਰ ਸਕਦਾ—ਪਰ ਪਕੇ ਵਿਸ਼ਵਾਸ ਦੇ ਕਾਰਨ ਤੇ ਆਪ ਮੁਹਾਰਾ ਹੀ ਗੁਰਸਿਖਾਂ ਮੂੰਹੋਂ ਇਹ ਨਿਕਲਦਾ ਹੈ;—

"ਵਧੁ ਸੁਖ ਰੈਨੜੀਏ, ਪ੍ਰਿਅ ਪ੍ਰੇਮੁ ਲਗਾ,
ਘਟੁ ਦੁਖ ਨੀਦੜੀਏ, ਪਰਸਉ ਸਦਾ ਪਗਾ ।"

ਇਹ ਕਿਉਂ ? ਇਹ ਇਸ ਲਈ ਕਿ ਉਹਨਾਂ ਦੀ ਭੁਖ ਰਬੀ ਸਿਫਤ ਕਰਦਿਆਂ ਹੋਇਆਂ ਨਹੀਂ ਉਤਰਦੀ । ਐਸੇ ਜੀਵਨ ਵਿਚ ਹੀ ਉਹਨਾਂ ਦਾ ਜੀਵਨ-ਰਸ ਹੈ ਤੇ ਐਸੇ ਜੀਵਨ ਨੂੰ ਉਹ ਮਰਨ ਮਗਰੋਂ ਵੀ ਲੋਚਦੇ ਹਨ 'ਨਾਨਕ ਭਗਤਾ ਭੁਖ ਸਾਲਾਹਣੁ, ਸਚੁ ਨਾਮੁ ਆਧਾਰੁ' ਦੇ ਮੁਤਾਬਕ ਉਹਨਾਂ ਦਾ ਜੀਵਨ ਰੱਬੀ ਆਸਰੇ ਆਪ ਹੀ ਢਲ ਜਾਂਦਾ ਹੈ ।

ਵਾਹਿਗੁਰੂ ਨਾਲ ਪ੍ਰੀਤ ਜੋੜਨ ਲਈ ਮਨੁਖ ਵਿਚ ਦੋ ਚੀਜ਼ਾਂ ਦਾ ਹੋਣਾ ਜ਼ਰੂਰੀ ਹੈ ਉਹ ਹਨ ਭੈ ਤੇ ਭਉ । ਦਾਤੇ ਦਾ ਭੈ ਬੜੀ ਵਡਮੁਲੀ ਚੀਜ਼ ਹੈ ਤੇ ਭਾਉ ਅਰਥਾਤ ਲਗਨ ਤੇ ਖਿੱਚ ਵੀ ਦਾਤੇ ਦੀ ਸਮੀਪਤਾ ਮਨੁਖ ਨੂੰ ਪ੍ਰਦਾਨ ਕਰਦੀ ਹੈ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ 'ਗੋਬਿੰਦ ਭਾਉ, ਭਗਤ ਕਾ ਭੁਖਾ' ਤੇ ਨਾਲ ਹੀ —

ਭੈ ਕੀਆ ਦੇਹਿ ਸਲਾਈਆ
ਨੈਣੀ ਭਾਵ ਕਾ ਕਰਿ ਸੀਗਾਰੋ ।
ਤਾ ਸੋਹਾਗਣਿ ਜਾਣੀਐ ਲਾਗੀ,
ਜਾ ਸਹੁ ਧਰੇ ਪਿਆਰੋ ।

ਦੇ ਭਾਵ ਨੂੰ ਹਿਰਦੇ ਵਿਚ ਵਸਾਉਦਿਆਂ ਹੋਇਆਂ ਦਾਤੇ ਦੇ ਦਰ ਤੇ ਪਹੁੰਚਨ ਲਈ ਆਸ ਕਰਨੀ ਚਾਹੀਦੀ ਹੈ । ਉਸ ਅਗੇ ਚਤਰਾਈ ਨਹੀਂ ਚਲ ਸਕਦੀ। ਚਤਰਾਈ ਗੁਰਮਤਿ ਪਾਂਧੀ ਲਈ ਰੁਕਾਵਟ ਹੈ ਅੜਚਨ ਹੈ ਧੋਖਾ ਹੈ ਤਿਲਕਨਬਾਜ਼ੀ ਹੈ । ਇਥੇ 'ਚਤੁਰਾਈ ਨ ਚਤੁਰ ਭੁਜ ਪਾਈਐ' ਨੂੰ ਯਾਦ ਰਖਣਾ ਲਾਭਦਾਇਕ ਹੋਵੇਗਾ ।

ਦਿਲ ਦੀ ਸਫਾਈ ਦਾਤੇ ਦੇ ਪ੍ਰੇਮ ਖਰੀਦਣ ਲਈ ਜ਼ਰੂਰੀ ਹੈ । ਉਹ ਦਾਤਾ 'ਸੁਜਾਨ' ਹੈ, ਮਨੁਖ ਦੇ ਅੰਦਰਲੀ ਵਸਤ ਨੂੰ ਪਹਿਚਾਨਣ ਲਗਿਆਂ ਦੇਰ ਨਹੀਂ ਲਾਉਂਦਾ ।

ਦਾਤੇ ਦੀ ਪ੍ਰੀਤਿ (ਸਚੀ ਪ੍ਰੀਤਿ) ਦੀ ਪਰਾਪਤੀ ਆਸਾਨ ਚੀਜ਼ ਨਹੀਂ—ਉਹ ਸਿਰ ਦਿਤਿਆਂ ਮਿਲਦੀ ਹੈ—

'ਜਉ ਤਉ ਪ੍ਰੇਮ ਖੇਲਣ ਕਾ ਚਾਉ ।
ਸਿਰੁ ਧਰਿ ਤਲੀ ਗਲੀ ਮੇਰੀ ਆਉ ।'

ਦੇ ਮੁਤਾਬਕ ਤੇ 'ਮੈਂ ਤਾਂ ਮੋਲ ਮਹਿੰਗੀ ਲਈ ਜੀਅ ਸਟੈ' ਦੇ ਮੁਤਾਬਕ, ਦਾਤੇ ਦਾ ਪਰੇਮ ਇਕ ਮਹਿੰਗੀ ਵਸਤੂ ਹੈ ।

ਪਰ ਦਾਤੇ ਦੀ ਬਖਸ਼ਿਸ਼ ਹੀ ਐਸੀ ਅਮੁਲ ਹੈ ਕਿ ਜਿਸ ਤੇ ਹੋ ਜਾਏ ਉਹ ਨਿਹਾਲ ਨਿਹਾਲ ਹੋ ਜਾਂਦਾ ਹੈ ਇਸੇ ਵਾਸਤੇ ਫੁਰਮਾਨ ਹੈ:—

'ਇਕ ਜਾਗੰਦੇ ਨ ਲਹਿਣ,
ਇਕਨਾ ਸੁਤਿਆ ਦੇਇ ਉਠਾਲ'

ਕੋਈ ਚੀਜ਼ ਦਾਤੇ ਦੀ ਬਖਸ਼ਿਸ਼ ਨਾਲ ਨਹੀਂ ਬਰਾਬਰੀ ਕਰ ਸਕਦੀ । ਸੋ ਗੁਰਸਿਖ ਜਦੋਂ ਵੀ ਦਾਤੇ ਕੋਲੋਂ ਮੰਗੇ, ਬਖਸ਼ਿਸ਼ ਹੀ ਮੰਗੇ, ਇਨਸਾਫ ਨਾ ਮੰਗੇ । ਲੇਖੇ ਨਾਲ ਮਨੁਖ ਤਾਂ ਛੁਟ ਹੀ ਨਹੀਂ ਸਕਦਾ । 'ਲੇਖੈ ਕਤਹਿ ਨ ਛੂਟੀਐ, ਖਿਨੁ ਖਿਨੁ ਭੂਲਨਹਾਰ ।'

ਆਪਣੇ ਦਿਲ ਦੀ ਗੰਢ (ਘੁੰਡੀ) ਛਡਣਾ ਵੀ



www.AKJ.Org

ਦਾਤੇ ਦੇ ਪਰੇਮ ਪਾਉਣ ਦੀ ਪੌੜੀ ਹੈ:—

'ਨਾਮੁ ਧਿਆਏ ਤਾ ਸਤਿਗੁਰ ਭਾਏ, ਜੋ ਇਛੈ ਸੋ ਫਲੁ ਪਾਏ। ਨਾਨਕ ਤਿਸਦਾ ਸਭੁ ਕਿਛੁ ਹੋਵੈ, ਜਿ ਵਿਚਹੁ ਆਪੁ ਗਵਾਇ।'

ਸੋ ਮਨੁਖ ਲਈ ਪਹਿਲੀ ਤੇ ਅਖੀਰਲੀ ਗਲ ਇਹ ਹੀ ਸੋਭਦੀ ਹੈ ਕਿ ਉਹ ਅਹੰਕਾਰ ਰੂਪੀ ਗਾਨ ਨੂੰ ਅਪਣੇ ਅੰਦਰੋਂ ਬਾਹਰ ਕਢੇ ਤੇ ਦਾਤੇ ਦੇ ਦਰ ਤੇ ਢਹਿ ਕੇ ਉਸ ਦੇ ਪ੍ਰੇਮ ਦੀ ਯਾਚਨਾ ਕਰੇ।

ਪਰ ਜਿਸ ਸੁਭਾਗੀ ਉਤੇ ਦਾਤੇ ਨੇ ਅਪਣੇ ਪ੍ਰੇਮ ਦੀ ਬਖਸ਼ਿਸ਼ ਕੀਤੀ ਹੋਵੇ ਉਸ ਦਾ ਜੀਵਨ ਸੁਚਾ ਤੇ ਸੁਚੱਜਾ ਹੁੰਦਾ ਹੈ। ਐਸੇ ਮਨੁਖਾਂ ਦੀ ਕਹਿਣੀ, ਬਹਿਣੀ ਤੇ ਰਹਿਣੀ ਦੁਨੀਆਂ ਲਈ ਚਾਨਣ ਮੁਨਾਰਾ ਹੁੰਦੀ ਹੈ। ਉਹਨਾਂ ਨੂੰ 'ਸਦਾ ਖੇੜਾ' ਦਾਤੇ ਦੀ ਰੰਗਣ ਵਿਚ ਸਰਸ਼ਾਰ ਰਖਦਾ ਹੈ। 'ਨਾਨਕ ਤਿਨਾ ਬਸੰਤੁ ਹੈ ਜਿਨਿ ਘਰਿ ਵਸਿਆ ਕੰਤੁ' ਦੇ ਮੁਤਾਬਕ ਉਹ ਖੇੜੇ ਦੇ ਵਾਤਾਵਰਨ ਵਿਚ ਜੀਵਨ ਬਤੀਤ ਕਰਦੇ ਹਨ ਉਹਨਾਂ ਦੀ ਸੰਗਤ ਪਾਰਸ-ਕਲਾ ਰਖਦੀ।

ਪ੍ਰਅ-ਪ੍ਰੀਤਿ ਕੁਠੇ ਬੈਰਾਗੀਆਂ ਦੇ ਦਾਤੇ ਨਾਲ ਵਿਛੋੜੇ ਤੇ ਦੁਖ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਵਿਛੋੜਾ ਉਹਨਾਂ ਲਈ ਮੌਤ ਸਮਾਨ ਹੁੰਦਾ ਹੈ। ਪ੍ਰਿਅ ਨਾਲ ਮਿਲਾਪ ਕਰਾਉਣ ਲਈ ਸਤਿਗੁਰੂ ਸਹਾਇਕ ਹੁੰਦੇ ਹਨ। ਸੋ ਪ੍ਰਿਅ-ਮਿਲਾਪ ਲਈ ਸਚੇ ਸਤਿਗੁਰੂ ਦੀ ਭਾਲ ਜ਼ਰੂਰੀ—ਪ੍ਰਿਅ ਦੀ ਪ੍ਰੀਤਿ ਵਿਚ ਵੈਰਾਗੀ ਹਿਰਦੇ ਦੀ ਪੁਕਾਰ ਇਸ ਪ੍ਰਕਾਰ ਹੈ:—

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ।

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ।
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ।

ਜਾਲਉ ਐਸੀ ਰੀਤਿ
ਜਿਤੁ ਮੈ ਪਿਆਰਾ ਵੀਸਰੈ।

ਜਿਨ੍ਹਾ ਪਿਰੀ ਪਿਆਰੁ
ਬਿਨੁ ਦਰਸਨ ਕਿਉ ਤ੍ਰਿਪਤੀਐ।

ਪ੍ਰਿਅ ਕੀ ਪ੍ਰੀਤਿ ਪਿਆਰੀ
ਮਗਨ ਮਨੈ ਮਹਿ ਚਿਤਵਉ ਆਸਾ
ਨੈਨਹੁ ਤਾਰ ਤੁਹਾਰੀ।

ਮੇਰੀ ਪ੍ਰੀਤਿ ਗੋਵਿੰਦ ਸਿਉ ਜਿਨਿ ਘਟੈ
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ।
ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ
ਜੋ ਤੈ ਭਾਵੈ ਸਾਈ।

ਹਉ ਵਾਰੀ ਮੁਖੁ ਫੇਰਿ ਪਿਆਰੇ।
ਕਰਵਟੁ ਦੇ ਮੋਕਉ ਕਾਹੇ ਕਉ ਮਾਰੇ।

ਬੇਸ਼ਕ ਦੁਨੀਆਵੀ ਪ੍ਰੇਮ ਦੀ ਨਿਸ਼ਾਨੀ ਦਸਦਿਆਂ ਹੋਇਆਂ ਕਵੀਆਂ ਨੇ ਇਸ ਦੀਆਂ ਤਿੰਨ ਨਿਸ਼ਾਨੀਆਂ ਦਸੀਆਂ ਹਨ 'ਸਿਹ ਨਿਸ਼ਾਨੇ ਆਸ਼ਕਾਂ ਚਾ ਐ ਪਿਸਰ, ਆਹ ਸਰਦੋ, ਰੰਗ ਜ਼ਰਦੋ, ਚਸ਼ਮੇ ਤਰ' ਅਰਥਾਤ ਆਸ਼ਕਾਂ ਦੀਆਂ ਤਿੰਨ ਨਿਸ਼ਾਨੀਆਂ, ਠੰਡੇ ਹਉਕੇ ਭਰਨਾ, ਮੂੰਹ ਦਾ ਰੰਗ ਹਰ ਵੇਲੇ ਪੀਲਾ ਰਹਿਣਾ ਤੇ ਅਖਾਂ ਵਿਚ ਹਰ ਵੇਲੇ ਅਾਂਸੂ ਰਹਿਣਾ ਹਨ। ਉਧਰ ਦੇਖੋ ਰਬ ਦੇ ਸਚੇ ਆਸ਼ਕਾਂ ਦੀ ਪਰਖ 'ਬੇ-ਪਰਵਾਹ ਸਦਾ ਰੰਗ ਹਰਿ ਕੇ ਜਿਨ ਕੋ ਪਾਖ ਸਵਾਮੀ' ਦੇ ਮੁਤਾਬਕ 'ਬੇ-ਪਰਵਾਹੀ' ਤੇ 'ਸਦਾ ਖੇੜਾ' ਹਨ। ਸੋ ਇਹ ਮੰਨਣ ਵਾਲੀ ਗਲ ਹੈ ਕਿ ਦਾਤੇ ਦਾ ਪ੍ਰੇਮ ਮਨੁਖ ਵਿਚ ਬਹੁਤ ਸਾਰੇ ਐਸੇ ਗੁਣ ਭਰ ਦੇਂਦਾ ਹੈ ਜੋ ਕਿ ਸਿਖਿਆਂ ਨਹੀਂ ਆ ਸਕਦੇ ਜਿਨਾਂ ਦਾ ਕਾਰਨ ਦਾਤੇ ਦੀ ਬਖਸ਼ਿਸ਼ ਹੁੰਦਾ ਹੈ। ਮਨੁਖ ਨੂੰ ਹਰ ਕੀਮਤ ਤੇ ਉਸ ਦਾਤੇ ਦੀ ਪ੍ਰੀਤਿ ਦਾ ਹੀ ਖੋਜੀ ਤੇ ਇਛਕ ਹੋਣਾ ਚਾਹੀਦਾ ਹੈ ਤੇ ਇਹ ਹੀ ਮਨੁਖੀ ਜੀਵਨ ਦਾ ਉਦੇਸ਼ ਹੈ 'ਭਈ ਪ੍ਰਾਪਤ ਮਾਨੁਖ ਦੇਹੁਰੀਆ, ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ' ਸੋ ਦੁਨੀਆ ਦੇ ਹਰ ਇਕ ਜੀਵ ਜੰਤੂ ਦੀ ਕੁਦਰਤੀ ਰੁਚੀ ਦਾਤੇ ਦੀ ਯਾਦ ਵਲ ਹੁੰਦੀ ਹੈ ਪਰ 'ਮਾਇਆ' ਇਸ ਰੁਚੀ ਨੂੰ ਇਤਨਾ ਕਮਜ਼ੋਰ ਕਰ ਦੇਂਦੀ ਹੈ ਕਿ ਮਨੁਖ ਇਸ ਮਾਇਆ ਦੇ ਫੰਦੇ ਵਿਚ ਆ ਕੇ ਉਸ ਸਿਰਜਨ ਹਾਰ ਦੀ ਯਾਦ ਭੁਲ ਜਾਂਦਾ ਹੈ ਅਫਸੋਸ ਹੈ ਸਾਡੇ ਐਸੇ ਮਨੁਖੀ ਜੀਵਨ ਤੇ ਜੋ ਬਿਰਥਾ ਜਾ ਰਿਹਾ ਹੈ।



www.AKJ.Org

ਗੁਰਬਾਣੀ ਵਿਚ ਸਾਹਿਬਾਂ ਨੇ ਇਹ ਵੀ ਫੁਰਮਾਇਆ ਹੈ ਕਿ ਪ੍ਰਿਅ-ਪ੍ਰੀਤਿ ਕੈਸੀ ਹੋਣੀ ਚਾਹੀਦੀ ਹੈ? ਅਤੇ ਇਸ 'ਸਚੀ ਪ੍ਰੀਤਿ' ਨੂੰ ਪਾਲਨ ਲਈ ਗੁਰਸਿਖ ਨੂੰ ਪ੍ਰੇਰਨਾ ਕੀਤੀ ਹੈ। ਫੁਰਮਾਇਆ—

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਜਲ ਕਮਲੇਹਿ।
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।
ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ,
ਮਨ ਐਸੀ ਪ੍ਰੀਤਿ ਕੀਜੈ। ਜੈਸੀ ਤਰੁਣਿ ਭਤਾਰ।
ਉਰਝੀ ਪਿਰਹਿ ਸਿਵੈ, ਇਹੁ ਮਨ ਲਾਲ ਦੀਜੈ।

ਮਨੁਖ ਨੂੰ ਕਈ ਪ੍ਰਕਾਰ ਸਮਝਾਉਂਦਿਆਂ ਹੋਇਆਂ ਗੁਰਬਾਣੀ ਅੰਦਰ ਸਾਹਿਬਾਂ ਨੇ ਇਹ ਫੁਰਮਾਇਆ ਹੈ ਕਿ ਮਨੁਖ ਨੂੰ ਵਾਹਿਗੁਰੂ ਨਾਲ ਭੰਵਰੇ ਦੀ ਤਰ੍ਹਾਂ, ਚਕਵੀ ਦੀ ਤਰ੍ਹਾਂ ਤੇ ਚਾਤ੍ਰਕ ਦੀ ਤਰ੍ਹਾਂ ਪ੍ਰੀਤ ਕਰ ਕੇ ਆਪਣੇ ਅੰਦਰ ਉਸ ਦਾਤੇ ਲਈ ਥਾਂ ਬਨਾਉਣੀ ਚਾਹੀਦੀ ਹੈ ਆਪਣੇ ਹਿਰਦੇ ਦੀ ਸੇਜ ਤੇ ਉਸ ਪ੍ਰੀਤਮ ਪਿਆਰੇ ਦੇ ਨਿਵਾਸ ਨਾਲ 'ਸਚੀ ਸੁਹਾਗਣ' ਬਨਣਾ ਚਾਹੀਦਾ ਹੈ। ਇਸੇ ਪ੍ਰੀਤ ਨੂੰ ਹੀ 'ਪੀਰ ਮੁਰੀਦਾ ਪਿਰਹੜੀ ਉਹ ਨਿਬਹੈ ਨਾਲੈ' ਕਰਕੇ ਕਿਹਾ ਹੈ।

ਰੱਬ ਦੇ ਪਿਆਰੇ, ਦਾਤੇ ਦੇ ਆਸ਼ਕ, ਰੱਬੀ ਰੰਗਣ ਵਿਚ ਰੰਗੇ ਹੋਏ ਭਗਤ ਦੁਨੀਆਵੀ ਤਕਲੀਫ਼ਾਂ ਨੂੰ ਆਪਣੇ ਵਲ ਆਉਂਦਿਆਂ ਵੇਖ ਕੇ ਅਗੋਂ ਹਸਦੇ ਹਨ ਉਹ ਇਹ ਤਕਲੀਫ਼ਾਂ ਮਿਠੀਆਂ ਕਰ ਕੇ ਸਹਿੰਦੇ ਹਨ ਤੇ ਆਪਣੀ 'ਸਚੀ ਪ੍ਰੀਤਿ' ਨਿਭਾਉਣ ਵਲ ਹੀ ਜ਼ਿਆਦਾ ਧਿਆਨ ਦੇਂਦੇ ਹਨ। ਮਹਾਂਵਾਕਾਨੁਸਾਰ:—

ਪਿਰ ਭਾਵੈ ਪ੍ਰੇਮੁ ਸਖਾਈ ਤਿਸੁ ਬਿਨੁ ਘੜੀ
ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ।
ਬਾਰਿ ਵਿਡਾਨੜੈ ਹੁੰਮਸ ਧੁੰਮਸ
ਕੂਕਾ ਪਈਆ ਰਾਹੀ।
ਤਉ ਸਹ ਸੇਤੀ ਲਗੜੀ ਡੋਰੀ
ਨਾਨਕ ਅਨਦ ਸੇਤੀ ਬਨੁ ਗਾਹੀ।

ਪ੍ਰਿਅ ਕੀ ਪ੍ਰੀਤਿ ਕੈਸੀ ਹੁੰਦੀ ਹੈ? ਜਿਥੇ ਇਸ਼ਕ ਮਜ਼ਾਜੀ (ਦੁਨਿਆਵੀ ਪ੍ਰੇਮ) ਇਕ ਕੱਚਾ ਤੇ ਖ਼ੁਦਗਰਜ਼ੀ ਤੇ ਅਧਾਰਿਤ ਹੁੰਦਾ ਹੈ ਭਾਵੇਂ ਸ਼ਕਤੀਸ਼ਾਲੀ ਵੀ ਹੁੰਦਾ ਹੈ ਉਥੇ ਦੁਨਿਆਵੀ ਪ੍ਰੇਮ ਦਾ ਅੰਤ ਘਾਟੇ ਵੰਦਾ ਤੇ ਨਾ ਕਾਇਮ ਰਹਿਣ ਵਾਲਾ ਹੀ ਹੁੰਦਾ ਹੈ ਪਰ ਦਾਤੇ ਦੇ ਪਿਆਰ ਦੇ ਗੁਣਾਂ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਇਹ ਸਿਥਰ ਰਹਿਨ ਵਾਲਾ ਤੇ ਦਾਤੇ ਨਾਲ ਮਿਲਾਪ ਕਰਾਉਣ ਵਾਲਾ ਹੁੰਦਾ ਹੈ। ਪ੍ਰਿਅ-ਪ੍ਰੀਤਿ ਰੀਤਿ ਨਿਰਾਲੀ ਹੈ। ਮਨੁਖ ਦੀ ਸਮਝ ਤੋਂ ਬਾਹਰ ਹੈ। ਦਾਤੇ ਦੀ ਪ੍ਰੀਤਿ ਨੂੰ ਘਟ ਸਮਝਨ ਵਾਲੇ ਇਹ ਕਹਿੰਦੇ ਹਨ ਕਿ ਕੀ ਕਰੀਏ। ਸਮਝ ਨਹੀਂ ਆਉਂਦੀ। ਕਦੀ ਤਾਂ ਬੜਾ ਪ੍ਰੇਮ ਅੰਦਰ ਠਾਠਾਂ ਮਾਰਨ ਲਗ ਪੈਂਦਾ ਹੈ ਕਦੀ ਅਸੀਂ ਖਾਲੀ ਦੇ ਖਾਲੀ ਹੋ ਜਾਂਦੇ ਹਾਂ। ਦਾਤਾ ਤੇ ਐਸ ਤ੍ਰਹਾਂ ਕਰਦਾ ਹੈ ਕੁਤੇ ਦੇ ਮੁੰਡੇ ਦੀ ਖੇਡ ਵਾਙੂੰ ਜਿਵੇਂ ਰੋਟੀ ਵਖਾ ਕੇ ਮੁੰਡਾ ਕੁਤੇ ਨੂੰ ਪਿਛੇ ਲਾਈ ਫਿਰਦਾ ਹੈ ਕਦੀ ਇਕ ਟੁਕੜਾ ਸੁਟਦਾ ਹੈ ਕਦੀ ਫੇਰ ਬਹੁਤ ਦੇਰ ਖਪਾ ਕੇ ਫਿਰ ਟੁਕੜਾ ਦੇਂਦਾ ਹੈ। ਇਸ ਤ੍ਰਹਾਂ ਦਾ ਹਿਸਾਬ ਬਣਿਆ ਰਹਿੰਦਾ ਹੈ। ਸਦਾ ਇਕ ਸਾਰ ਪ੍ਰੇਮ ਨਹੀਂ ਰਹਿੰਦਾ। ਕੀ ਕਰੀਏ। ਕੁਝ ਸਮਝ ਨਹੀਂ ਲਗਦੀ। ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਪ੍ਰੇਮ ਵਿਚ ਨੁਕਸ ਹੈ ਕੁਤਾ ਤੇ ਸਬਰ ਕਰਨ ਵਿਚ ਮਸ਼ਹੂਰ ਹੈ ਸੋ ਉਹ ਵੀ ਸਬਰ ਕਰਨ ਆਸ਼ਾਵਾਦੀ ਰਹਿਣ। ਦਾਤਾ ਆਪ ਹੀ ਨਿਹਾਲ ਕਰਦਿਆਂ ਕਰਦਿਆਂ ਪਕਾ ਰੰਗ ਚਾੜ੍ਹ ਦੇਵੇਗਾ। ਉਹ ਧੁਰੇ ਤੋਂ ਨ ਉਖੜਨ ਤੇ ਅਪਨੇ ਵਿਸ਼ਵਾਸ਼ ਤੇ ਲਗਨ ਵਿਚ ਕਾਪਾ ਨ ਆਉਣ ਦੇਣ। ਸਭ ਠੀਕ ਹੋ ਜਾਵੇਗਾ। ਪ੍ਰਿਅ-ਪ੍ਰੀਤਿ ਸੌਖੀ ਗਲ ਨਹੀਂ ਇਹ ਤਾਂ ਜਨਮਾਂ ਦਾ ਸੌਦਾ ਹੈ। ਉਹ ਇਸ ਗਲ ਤੇ ਹੀ ਖੁਸ਼ ਰਹਿਣ ਕਿ ਕਦਮ ਅਗੇ ਜਾਇ ਪਿਛੇ ਨ ਹਟੇ ਤੇ ਲਗੇ ਰਹਿਣ ਉਹ ਅਪਣਾ ਕੰਮ ਜੋ 'ਲਗੇ ਰਹਿਨ' ਵਾਲਾ ਹੈ ਕਰਦੇ ਜਾਣ ਤੇ ਦਾਤੇ ਨੂੰ ਅਪਨੀ ਡਿਊਟੀ ਕਰਨ ਦੇਣ ਉਪਰ ਲਿਖੀ ਹੋਈ ਉਧਾਹਰਣ ਕਚੇ ਰੰਗ ਵਾਲਿਆਂ ਦੀ ਹੈ। ਪਕਾ ਰੰਗ ਹੌਲੀ ਹੌਲੀ ਚੜ੍ਹੇਗਾ, ਚੜ੍ਹਕੇ ਹੀ ਰਹੇਗਾ। ਫਿਰ 'ਰਾਮ ਰੰਗ ਕਦੇ ਉਤਰ ਨ ਜਾਏ, ਗੁਰੁ ਪੂਰਾ ਜਿਸ ਦੇਇ ਬੁਝਾਏ' ਦੇ ਮੁਤਾਬਕ ਗੁਰਸਿਖ ਨੂੰ ਦਾਤੇ ਦੀ ਬਖਸ਼ਿਸ਼ ਦਾ ਸੁਭਾਗ ਪ੍ਰਾਪਤ ਹੋਵੇਗਾ। ਕਿਉਂ



www.AKJ.Org

ਉਹ ਦਾਤਾ 'ਮੰਗੀ ਵੀ ਪਾਹਿਇ' ਦੇ ਅਨੁਸਾਰ ਇਕ ਸਚੇ ਸਾਧਕ ਨੂੰ ਪਕਾ ਰੰਗ ਜ਼ਰੂਰ ਚਾੜ੍ਹਦਾ ਹੈ।

ਇਹ ਸਮਝ ਆਈ ਕਿ ਪ੍ਰਿਅ-ਪ੍ਰੀਤਿ ਹੀ ਇਕ ਅਟੱਲ ਵਸਤੂ ਹੈ ਜੋ ਮਨੁਖ ਦੇ ਨਾਲ ਜਾਂਦੀ ਹੈ ਜਿਸ ਲਈ ਇਹ ਗੁਰਬਾਣੀ ਵਿਚ ਵੀ ਦਾਤੇ ਕੋਲੋਂ ਮੰਗ ਕੀਤੀ ਗਈ ਹੈ :—

ਰਾਜ ਨ ਚਾਹੂ ਮੁਕਤ ਨ ਚਾਹੂ
ਮਨਿ ਪ੍ਰੀਤ ਚਰਨ ਕਮਲਾਰੇ।

ਜਿੰਨੀਆਂ ਵੀ ਚੀਜ਼ਾਂ ਅਸੀਂ ਦਾਤੇ ਕੋਲੋਂ ਮੰਗਦੇ ਹਾਂ ਉਨ੍ਹਾਂ ਸਭਨਾਂ ਤੋਂ ਸ੍ਰੇਸ਼ਟ ਉਸ ਦੀ ਪ੍ਰੀਤਿ ਮੰਗਣਾ ਹੈ।

ਵਡੀਆਂ ਵਡੀਆਂ ਪੁਗ ਖਲੋਤੀਆਂ ਰੂਹਾਂ, ਕੇਵਲ ਆਤਮਕ ਸਟੇਜ ਤੋਂ ਲੰਘ ਕੇ ਵੀ 'ਦ੍ਵੈ ਤੇ ਏਕ ਰੂਪ ਹੋਇ ਗਇਓ' ਦੀ ਪ੍ਰਾਪਤੀ ਕਰ ਕੇ ਵੀ ਦਾਤੇ ਦੇ ਕਿਸੇ ਹੁਕਮ ਨੂੰ ਪਾਲਣ ਕਰਨ ਤੋਂ ਪਹਿਲੋਂ ਦਾਤੇ ਨਾਲ ਆਪਣੀ ਪ੍ਰੀਤ ਕਾਇਮ ਰਖਣ ਲਈ ਹੀ ਦਾਤੇ ਅਗੇ ਜੋਦੜੀ ਕਰਦੀਆਂ ਹਨ ਤੇ 'ਚੁਭੀ ਰਹੀ ਸੁਰਤ ਪ੍ਰਭੁ ਚਰਨਨ ਮਹਿ' ਕਹਿ ਕੇ ਇਸ ਗਲ ਦਾ ਸਬੂਤ ਦੁਨੀਆਵੀ ਮਨੁਖਾਂ ਨੂੰ ਦਰਸਾਉਂਦੀਆਂ ਹਨ ਕਿ ਪ੍ਰਿਅ-ਪ੍ਰੀਤਿ ਹੀ ਉਹਨਾਂ ਲਈ ਸਭ ਤੋਂ ਸ੍ਰੇਸ਼ਟ ਸੀ। ਸਾਹਿਬ ਦਸਮੇਸ਼ ਪਿਤਾ ਜੀ ਨੇ 'ਬਚਿਤਰ ਨਾਟਕ' ਵਿਚ ਇਸ ਦਾ ਸਾਫ਼ ਜ਼ਿਕਰ ਕੀਤਾ ਹੈ। ਇਹ ਸਭ ਕੁਝ ਇਸ ਗਲ ਦਾ ਪੱਕਾ ਪਰਮਾਣ ਹੈ ਕਿ ਮਨੁਖੀ ਜਾਮੇਂ ਵਿਚ ਮਨੁਖ ਦਾ ਕੇਵਲ ਏਕ ਮਾਤਰ ਉਦੇਸ਼ 'ਪ੍ਰਿਅ-ਪ੍ਰੀਤਿ' ਦੀ ਪ੍ਰਾਪਤੀ ਹੀ ਹੈ, ਰਵੇਗਾ ਤੇ ਰਹਿੰਦਾ ਆਇਆ ਹੈ।

ਇਸ ਪ੍ਰਿਅ-ਪ੍ਰੀਤਿ ਦੇ ਸ੍ਰੇਸ਼ਟਤਮ ਹੋਣ ਦਾ ਸਬੂਤ ਹਰ ਮਨੁਖ ਤੋਂ ਪੈਦਾ ਹੋਣ ਵੇਲੇ ਦੁਨੀਆਂਦਾਰਾਂ ਨੂੰ ਮਿਲਦਾ ਹੈ। ਬੱਚਾ ਕਿਉਂ ਰੋਂਦਾ ਹੈ? ਕੇਵਲ ਇਸ ਲਈ ਉਹ ਪ੍ਰਿਅ-ਪ੍ਰੀਤਿ ਤੋਂ ਅਲਗ ਹੋਣ ਲਗਦਾ ਹੈ। ਮਾਤਾ ਦੇ ਪੇਟ ਵਿਚ ਖਿਚ ਨਾਲ ਉਹ ਉਸ ਨੂੰ ਯਾਦ ਕਰਦਾ ਹੈ। ਉਹ ਆਪਣਾ ਆਉਣ ਵਾਲਾ ਸਮਾਂ (ਮਨੁਖਾ ਜੀਵਨ) ਯਾਦ ਕਰ ਕੇ ਜਿਸ ਵਿਚ ਆ ਕੇ ਉਸ ਨੂੰ ਉਸ ਦਾਤੇ ਨਾਲ ਪ੍ਰੀਤਿ ਟੁਟਣ ਯਾ ਘਟ ਜਾਣ ਦਾ ਭੈ ਹੁੰਦਾ ਹੈ, ਰੋਂਦਾ ਹੈ। ਇਸ ਦੀ ਗਵਾਹੀ ਕਬੀਰ ਜੀ ਦੇਂਦਿਆਂ ਹੋਇਆਂ ਕਹਿੰਦੇ ਹਨ ਕਿ ਜਿਸ ਪਰਕਾਰ ਮਨੁਖ ਦੀ ਪ੍ਰੀਤ ਉਸ ਦਾਤੇ ਨਾਲ ਆਪਣੀ ਮਾਂ ਦੇ ਪੇਟ ਅੰਦਰ ਰਹਿਣ ਵਾਲੇ ਸਮੇਂ ਵਿਚ ਹੁੰਦੀ ਹੈ। ਜੇ ਉਸ ਦੀ ਪ੍ਰੀਤ ਦਾਤੇ ਨਾਲ ਆਪਣੀ ਜ਼ਿੰਦਗੀ ਵਿਚ ਐਸੀ ਹੀ ਨਿਭ ਜਾਏ ਤਾਂ ਤੇ ਇਸ ਜੀਵਨ ਦਾ ਕੋਈ ਮੁਲ ਹੀ ਨਹੀਂ ਪਾ ਸਕਦਾ।

ਤਾਂ ਤੇ ਫਿਰ ਪ੍ਰਿਅ-ਪ੍ਰੀਤਿ ਹੀ ਇਕ ਕਮਾਲ ਦੀ ਚੀਜ਼ ਹੈ, ਐਸੀ ਚੀਜ਼ ਲਈ ਲਾਪਰਵਾਹੀ ਕਰਨਾ ਮਨੁਖ ਦੇ ਸਭ ਤੋਂ ਭੈੜੇ ਭਾਗ ਹਨ, ਪ੍ਰਿਅ-ਪ੍ਰੀਤਿ ਅਮਰ ਹੈ ਅਚਲ ਹੈ, ਕੇਵਲ ਮਾਇਆ ਦੇ ਅਸਰ ਹੇਠਾਂ ਆ ਕੇ ਇਹ ਕੁਝ ਸਮੇਂ ਲਈ ਦਬ ਜਾਂਦੀ ਹੈ ਪਰ ਸਾਨੂੰ ਅੰਤਰ-ਪੇਖਨ (ਆਪਾ ਖੋਜਨ) ਦੀ ਆਦਤ ਚਾਹੀਦੀ ਹੈ। ਗੁਰਸਿਖ ਹੁਸ਼ਿਆਰ ਹੋ ਕੇ ਹਿੰਮਤ ਕਰ ਕੇ ਮਾਇਆ ਦੇ ਹਮਲੇ ਤੋਂ ਦਾਤੇ ਅਗੇ ਅਰਦਾਸੇ ਕਰ ਕੇ ਆਪਣੇ ਆਪ ਨੂੰ ਬਚਾਏ। ਆਪਣੀ ਲਗਨ ਲਗਾਤਾਰ ਰਖੇ ਕਿਉਂ ਜੋ ਤਾਂ ਫਿਰ ਮਹਾਂਵਾਕਾਨੁਸਾਰ 'ਸਾਚੀ ਲਿਵੈ ਬਿਨ ਦੇਹ ਨਿਮਾਣੀ' ਹੀ ਰਹੇਗੀ ਤੇ ਪ੍ਰਿਅ-ਪ੍ਰੀਤ ਬਗੈਰ ਮਨੁਖੀ ਜਨਮ ਬੇਕਾਰ, ਬੇਮਤਲਬ ਤੇ ਬੇ-ਫਲ ਹੀ ਰਹੇਗਾ।

ਉਠੋ ਸਿੰਘੋ, ਤੁਹਾਡਾ ਗੁਰੂ ਬਲੀ ਹੈ। ਦਲੇਰ ਗੁਰੂ ਦੇ ਦਲੇਰ ਤੇ ਬਹਾਦੁਰ ਸਿਖ ਬਣ ਕੇ ਪ੍ਰਿਅ-ਪ੍ਰੀਤਿ ਵਲ ਕਦਮ ਉਠਾਉ। ਕਾਮਯਾਬੀ ਦੇਣ ਵਾਲਾ ਉਹ ਆਪ ਹੀ ਹੈ ਉਸ ਦੀ ਕ੍ਰਿਪਾ ਦਾ ਆਸਰਾ ਰਖੋ।

'ਯਾ ਕਲ ਮਹਿ ਸਭ ਕਾਲ ਕ੍ਰਿਪਾਨ ਕੇ
ਭਾਰੀ ਭੁਜਾਨ ਕੋ ਭਾਰੀ ਭਰੋਸੋ।'

ਨੂੰ ਯਾਦ ਰਖੋ। ਤੁਹਾਡਾ ਤੇ ਸਾਡਾ ਸਾਰਿਆਂ ਦਾ ਗੁਰੂ ਸਹਾਈ ਹੋਵੇ, ਤੇ ਚੜ੍ਹਦੀ ਕਲਾ ਬਖਸ਼ੇ।

——



www.AKJ.Org

# ਗੁਰਸਿੱਖ ਦੀ ਪਛਾਣ

ਵਲੋਂ :
ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ

ਸਮੇਂ ਦੀ ਚਾਲ ਨਾਲ ਹਰ ਬੋਲੀ ਦੇ ਕਈ ਸ਼ਬਦਾਂ ਦੇ ਭਾਵ ਭਿੰਨ ਭਿੰਨ ਅਰਥਾਂ ਵਿਚ ਆਪਣਾ ਰੂਪ ਵਟਾਂਦੇ ਰਹਿੰਦੇ ਹਨ। ਕਈ ਵਾਰ ਉਹ ਅਜਿਹਾ ਰੂਪ ਧਾਰਨ ਕਰ ਜਾਂਦੇ ਹਨ ਕਿ ਉਹਨਾਂ ਦੀ ਮੁਢਲੀ ਪਛਾਣ ਸਾਧਾਰਨ ਜਨ ਪਾਸੋਂ ਨਹੀਂ ਹੋ ਸਕਦੀ। ਇਸੇ ਤਰ੍ਹਾਂ ਅਜ ਕਲ 'ਸਿਖ' ਸ਼ਬਦ ਦੇ ਅਰਥ ਕਰਨ ਤੇ ਸਮਝਣ ਵੇਲੇ ਵੀ ਕਈ ਸਜਣਾਂ ਨੂੰ ਭੁਲੇਖਾ ਲਗ ਜਾਂਦਾ ਹੈ। 'ਸਿਖ' ਸ਼ਬਦ ਦੇ ਅਰਥ ਹਨ :—

੧. ਸਿਖਿਆ ਲੈਣ ਵਾਲਾ।
੨. ਸ਼ਿਸ਼, ਚੇਲਾ।
੩. ਸਿਖਿਆ (ਉਪਦੇਸ਼)।

ਆਧੁਨਿਕ ਕਾਲ ਵਿਚ 'ਸਿਖ' ਸ਼ਬਦ ਜਿੱਥੇ ਚੇਲੇ ਜਾਂ ਸਿਖਸ਼ਕ ਲਈ ਵਰਤਿਆ ਜਾਂਦਾ ਹੈ ਉਥੇ ਭਾਰਤ ਤੇ ਬਿਦੇਸ਼ਾਂ 'ਚ ਇਸਦੇ ਕਈ ਅਰਥ ਕੱਢੇ ਜਾਂਦੇ ਹਨ—ਸਿਖ ਕੌਮ (ਖਾਲਸਾ ਪੰਥ) ਅਥਵਾ ਖਾਲਸਾ ਪੰਥ ਦੀ ਆਗਿਆ ਵਿਚ ਚਲਣ ਵਾਲੇ ਕੇਸਾਧਾਰੀ ਸਿੰਘ; ਅਤੇ ਓਹ ਸਿਖ ਜੋ ਗੁਰੂ ਨਾਨਕ ਨਾਮ ਲੇਵਾ ਹਨ। ਇਹ ਤਾਂ 'ਸਿੱਖ' ਸ਼ਬਦ ਦੇ ਪਰਗਟ ਅਰਥ ਹਨ ਪਰ ਗੁਰਬਾਣੀ ਦੁਆਰਾ ਸਿਖ ਸ਼ਬਦ ਦੇ ਅਰਥ ਵਿਲੱਖਣ ਹਨ। ਸਿਖ ਦੀ ਰਹਿਣੀ, ਬਹਿਣੀ ਸਹਿਣੀ ਤੇ ਕਰਣੀ ਬਾਕੀ ਦੇ ਸੰਸਾਰੀਆਂ ਨਾਲੋਂ ਭਿੰਨ ਅਤੇ ਅਦਭੁਤ ਹੈ। ਸ਼ਿਖ ਦੀ ਵਿਲੱਖਣਤਾ ਕੇਵਲ 'ਸਿਖ ਨਾਮ' ਰਖਾਉਣ ਕਰਕੇ ਹੀ ਨਹੀਂ ਇਹ ਆਪਣੇ ਦੈਵੀ ਗੁਣਾਂ ਕਰਕੇ ਹਰਮਨ ਪਿਆਰਾ ਹੈ ਤੇ ਸਾਰਾ ਸੰਸਾਰ ਇਸ ਦੇ ਗੁਣਾਂ ਦੀ ਸੋਭਾ ਕਰਦਾ ਹੈ। ਗੁਰਬਾਣੀ ਅੰਦਰ ਵੀ ਸਿਖ ਨੂੰ ਸਭ ਤੋਂ ਵਡੇ ਭਾਗਾਂ ਵਾਲਾ ਲਿਖਿਆ ਹੈ :—

ਧੰਨੁ ਧਨੁ ਭਾਗ ਤਿਨਾ ਭਗਤ ਜਨਾ
ਜੋ ਹਰਿਨਾਮਾ ਹਰਿ ਮੁਖਿ ਕਹਤਿਆ ॥
ਧਨੁ ਧਨੁ ਭਾਗ ਤਿਨਾ ਸੰਤ ਜਨਾ
ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥
ਧਨੁ ਧਨੁ ਭਾਗ ਤਿਨਾ ਸਾਧਜਨਾ
ਹਰਿ ਕੀਰਤਨੁ ਗਾਇ ਗੁਣੀਜਨ ਬਣਤਿਆ।
ਧਨੁ ਧਨੁ ਭਾਗ ਤਿਨਾ ਗੁਰਮੁਖਾ
ਜੋ ਗੁਰਸਿਖ ਲੈ ਮਨੁ ਜਿਣਤਿਆ ॥
ਸਭਦੂ ਵਡੇ ਭਾਗ ਗੁਰਸਿਖਾ ਕੇ
ਜੋ ਗੁਰਚਰਣੀ ਸਿਖ ਪੜਤਿਆ ॥
(ਸੋਰਠਿ ਵਾਰ ੪, ਪੰਨਾ–੬੪੯)

ਜੇਕਰ ਅਜਿਹੇ ਵਡਭਾਗੀ ਸਿਖਾਂ ਦੀ ਸੰਗਤ ਦਾ ਅਵਸਰ ਪਰਾਪਤ ਹੋ ਜਾਵੇ ਤਾਂ ਸਮਝੋ ਕਿ ਸਤਿਗੁਰੂ ਜੀ ਦੇ ਟਿਕਾਣੇ ਦਾ ਥਹੁ ਲਗ ਗਿਆ। ਗੁਰਸਿਖ ਦਾ ਦਰਸ਼ਨ ਪਰਤੱਖ ਗੁਰੂ ਦੇ ਦਰਸ਼ਨ ਹਨ ਕਿਉਂਕਿ 'ਸਿਖ' ਤੇ 'ਗੁਰੂ' ਇਕ ਰੂਪ, ਇਕੋ ਜੋਤਿ ਹਨ। ਗੁਰਸਿਖਾਂ ਦੇ ਹਿਰਦਿਆਂ ਵਿਚ ਸਤਿਗੁਰੂ ਜੀ ਦਾ ਨਿਵਾਸ ਹੈ :—

ਗੁਰਸਿਖਾ ਅੰਦਰਿ ਸਤਿਗੁਰੁ ਵਰਤੈ......
(ਗਉੜੀ ਕੀ ਵਾਰ ੪, ਪੰਨਾ ੩੧੨)

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ।
(ਪੰਨਾ ੪੪੪)

ਗੁਰਦੇਵ ਪਿਤਾ ਨੇ ਅਕਾਲਪੁਰਖ ਜੀ ਦੇ ਹੁਕਮ ਨਾਲ ਹੀ ਸਿਖਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਖਾਲਸਾ ਸਜਾਇਆ ਫਿਰ ਆਪ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਅਭਿਲਾਖੀ ਬਣ ਕੇ ਸਿਖ ਰੂਪ ਵਿਚ ਪੇਸ਼ ਹੋ ਕੇ ਅੰਮ੍ਰਿਤ ਦੀ ਮਿੱਠੀ ਦਾਤ ਮੰਗੀ।



www.AKJ.Org

ਗੁਰੂ+ਸਿਖ ਦੀ ਸੰਧੀ ਕਰਕੇ ਖਾਲਸੇ ਨੂੰ ਮਾਣ ਬਖ਼ਸ਼ਿਆ। ਆਪਣਾ ਰੂਪ, ਰੰਗ ਅਤੇ ਆਤਮਕ ਕਲਾ ਖਾਲਸੇ ਵਿਚ ਸੰਚਰਨ ਕੀਤੀ ਜਿਸ ਦਾ ਵਰਨਣ ਸਰਬਲੋਹ ਗ੍ਰੰਥ ਵਿਚ ਇਉਂ ਹੈ:—

ਖਾਲਸਾ ਮੇਰੋ ਰੂਪ ਹੈ ਖ਼ਾਸ।
ਖਾਲਸੇ ਮਹਿ ਹੌ ਕਰੌਂ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ।
ਖਾਲਸੇ ਕੇ ਹੌਂ ਸਦ ਸਦ ਸੰਗਾ।
... ... ...
ਸਜਨ ਭਜਨ ਮਮ ਖਾਲਸਾ, ਖਾਲਸਾ ਪੁਜਬੇ ਜੋਗ।
ਦਾਸ ਫਤਹ ਗੋਬਿੰਦ ਖਾਲਸਾ ਦਰਸ ਪਰਸ ਮਿਟੇ ਸੋਗ।

( ੨ )

'ਗੁਰਸਿਖ' ਸ਼ਬਦ ਦੀ ਸਿਫ਼ਤ ਅਤੇ ਵਿਚਾਰ ਕਰਨ ਵੇਲੇ ਕਈ ਸਿਖ ਸਰੋਤਿਆਂ ਤੇ ਕਈ ਅਨਭੋਲ ਪਾਠਕਾਂ ਨੂੰ ਕਈ ਪ੍ਰਕਾਰ ਦੇ ਸ਼ੰਕੇ ਉਤਪੰਨ ਹੋਂਦੇ ਹਨ, ਕੀ ਸਤਿਗੁਰੂ ਜੀ ਹਰੇਕ ਅੰਦਰ ਨਹੀਂ ਵਸਦੇ? ਕੀ ਕੇਵਲ ਸਿਖਾਂ ਵਿਚ ਹੀ ਵਰਤਦੇ ਹਨ? ਕੀ ਸਤਿਗੁਰੂ ਦੀ ਜੋਤਿ ਇਕ ਨਹੀਂ? ਕੀ ਉਹ ਜੋਤਿ ਭਿੰਨ ਭਿੰਨ ਕਰਕੇ ਸਾਰੇ ਜੀਆਂ ਅੰਦਰ ਪ੍ਰਕਾਸ਼ ਕਰ ਰਹੀ ਹੈ? ਕੀ ਸਤਿਗੁਰਾਂ ਲਈ ਖਤ੍ਰੀ ਬ੍ਰਾਹਮਣ ਸ਼ੂਦ ਵੈਸ਼ ਬਾਰੇ ਵਰਨ ਸਾਂਝੇ ਨਹੀਂ? ਕੀ ਸਿਖਾਂ ਲਈ ਕੋਈ ਵਖਰਾ ਉਪਦੇਸ਼ ਹੈ? ਸੋ ਇਹਨਾਂ ਸ਼ੰਕਿਆਂ ਦੀ ਨਵਿਰਤੀ ਲਈ ਪਹਿਲਾਂ ਗੁਰਸਿਖ ਦੇ ਤੱਤਵ ਸਰੂਪ ਦੇ ਦਰਸ਼ਨ ਕਰਨੇ ਜ਼ਰੂਰੀ ਹਨ; ਫਿਰ ਆਪਣੇ ਆਪ ਹੀ ਸਾਰੀਆਂ ਗਲਾਂ ਦਾ ਨਿਰਣਾ ਹੋ ਜਾਂਦਾ ਹੈ।

ਕਿਸੇ ਚੀਜ਼ ਦੀ ਵਿਸ਼ੇਸ਼ਤਾਈ ਕੇਵਲ ਉਸ ਦੇ ਬਾਣੇ, ਬਾਹਰਮੁਖੀ ਨਾਉਂ ਕਰਕੇ ਨਹੀਂ ਹੁੰਦੀ ਸਗੋਂ ਉਸਦੇ ਅੰਦਰਲੇ ਤੇ ਬਾਹਰਲੇ ਸ਼ੁਭ ਗੁਣਾਂ ਕਰ ਕੇ ਹੁੰਦੀ ਹੈ। ਜਿਵੇਂ ਸੰਸਥਾ ਜਾਂ ਸਭਾ ਦੀ ਵਡਿਆਈ ਉਸ ਵਲੋਂ ਆਤਮਕ ਤੇ ਭਾਈਚਾਰਕ ਗੁਣਾਂ ਦੇ ਪਰਚਾਰਕ ਦੀ ਨਿਸ਼ਾਨੀ ਹੈ; ਜਿਵੇਂ ਗੁਲਾਬ ਦੇ ਫੁਲ ਦੀ ਸੁਗੰਧੀ ਤੇ ਖੇੜਾ ਹੀ ਉਸ ਦੇ ਮੁਖ ਅੰਗ ਹਨ, ਤਿਵੇਂ ਇਕ ਸਿਖ ਦੀ ਸਰਦਾਰੀ ਜਾਂ ਉਸ ਦੇ ਨਾਮ ਦੀ ਵਿਸ਼ੇਸਤਾ ਉਸ ਦੇ ਅੰਦਰਲੇ ਸ਼ੁਭ ਗੁਣਾਂ ਕਰਕੇ ਅਰਥਾਤ ਗੁਰੂ ਦੀ ਸਿਖਿਆ ਤੇ ਚਲਣ ਕਰਕੇ, ਵਾਹਿਗੁਰੂ ਗੁਰਮੰਤ੍ਰ ਦੀ ਕਮਾਈ ਦਾ ਸਦਕਾ ਅਤੇ ਸੰਸਾਰੀਆਂ ਨਾਲ ਚੰਗਾ ਵਰਤਾਉ ਕਰਨ ਕਰਕੇ ਹੈ। ਇਕ ਗਲ ਨਿਸਚੇ ਕਰਨ ਵਾਲੀ ਹੈ ਕਿ ਕਿਸੇ ਮਨੁਖ ਜਾਂ ਚੀਜ਼ ਦਾ ਨਾਉਂ ਉਸਦੇ ਗੁਣਾਂ ਨਾਲੋਂ ਵਖਰਾ ਨਹੀਂ ਕੀਤਾ ਜਾ ਸਕਦਾ। ਜਿਵੇਂ ਸੂਰਜ ਨਾਲੋਂ ਸੂਰਜ ਦੀਆਂ ਕਿਰਨਾਂ ਤੇ ਚੰਨ ਨਾਲੋਂ ਚੰਨ ਦੀਆਂ ਰਿਸ਼ਮਾਂ ਵਖਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਕਿਸੇ ਚੀਜ਼ ਜਾਂ ਨਾਉਂ ਦੀ ਹੋਂਦ ਉਸ ਦੇ ਗੁਣਾਂ ਦੀ ਪ੍ਰਤੀਕ ਹੈ। ਸੋ 'ਸਿਖੀ ਸਿਖਿਆ ਗੁਰ ਵੀਚਾਰਿ' ਦੇ ਵਾਕ ਅਨੁਸਾਰ ਉਹ ਮਨੁਖ ਸਿਖ ਅਖਾਉਣ ਦਾ ਅਧਿਕਾਰੀ ਹੈ, ਜਿਸ ਦੀ ਬ੍ਰਿਤੀ ਹੋਰਨਾਂ ਪਦਾਰਥਾਂ ਨਾਲੋਂ ਟੁਟ ਕੇ ਸਤਿਗੁਰੂ ਜੀ ਦੇ ਚਰਨਾਂ ਨਾਲ ਲਗ ਗਈ ਹੋਵੇ। ਜਿਵੇਂ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ.—

ਗੁਰ ਚੇਲਾ ਚੇਲਾ ਗੁਰੂ ਗੁਰਸਿਖ ਸੁਣ ਗੁਰਸਿੱਖ ਸਦਾਵੈ॥ ਇਕ ਮਨ ਇਕ ਅਰਾਧਣਾ ਬਾਹਰ ਜਾਂਦਾ ਵਰਜ ਰਹਾਵੈ॥......

(ਵਾਰ ੨੮ ਪਉੜੀ ੧੬)

ਜੋਈ ਕੁਲਾ ਧਰਮ ਕਰਮ ਕੈ ਸੁਚਾਰ ਚਾਰ,
ਸੋਈ ਪਰਵਾਰ ਬਿਖੈ ਸ੍ਰੇਸਟ ਬਖਾਨੀਐ॥
ਬਨਜੁ ਬਿਉਹਾਰ ਸਾਚੋ ਸ਼ਾਹ ਸਨਮੁਖ ਸਦਾ,
ਸੋਈ ਤੌ ਬਨਉਟਾ ਨਿਹਕਪਟ ਕੈ ਮਾਨੀਐ॥
ਸੁਆਮਿ ਕਾਮ ਸਾਵਧਾਨ ਮਾਨਤ ਨਰੇਸ਼ ਆਨ,
ਸੋਈ ਸੁਆਮਿ ਕਾਰਜੀ ਪ੍ਰਸਿਧ ਪਹਿਚਾਨੀਐ॥
ਗੁਰੁ ਉਪਦੇਸ ਪਰਵੇਸ ਰਿਦ ਅੰਤਰਿ ਹੈ,
ਸ਼ਬਦ ਸੁਰਤਿ, ਸੋਈ ਸਿਖ ਜਗ ਜਾਨੀਐ॥

(ਭਾ: ਗੁ: ਕਬਿਤ-੩੮੦)

ਸੰਸਾਰ ਵਿੱਚ ਜੇ ਕੋਈ ਮਨੁਖ ਪਾਪ ਕਰਮ ਕਰੇ ਤਾਂ ਉਸ ਦਾ ਨਾਉਂ ਪਾਪੀ ਕਰ ਕੇ ਵਜਦਾ ਹੈ ਅਤੇ ਜੋ ਧਰਮੀ ਪੁਰਸ਼ਾਂ ਵਾਲੇ ਕੰਮ ਕਰੇ ਤਾਂ ਉਸ ਨੂੰ ਸਾਧ, ਸੰਤ, ਅਥਵਾ ਗੁਰਮੁਖ ਦੇ ਨਾਮ



www.AKJ.Org

ਨਾਲ ਸਤਿਕਾਰਿਆ ਜਾਂਦਾ ਹੈ:-

ਜੇ ਧਰਮੁ ਕਮਾਵੈ ਤਿਸੁ ਧਰਮੀ ਨਾਉ ਹੋਵੈ
ਪਾਪ ਕਮਾਵੈ ਪਾਪੀ ਜਾਣੀਐ ॥
(ਮਾਝ ਵਾਰ ੨, ਪੰਨਾ ੧੪)

ਸਾਧੁ ਕਰਮ ਜੋ ਪੁਰਖ ਕਮਾਵੈਂ।
ਨਾਮ ਦੇਵਤਾ ਜਗਤ ਕਹਾਵੈਂ।
ਕੁਕ੍ਰਿਤ ਕਰਮ ਜੇ ਜਗ ਕਰਹੀ।
ਨਾਮ ਅਸੁਰ ਤਿਨ ਕੋ ਜਗ ਧਰਹੀ।
[ਦਸਮ ਗ੍ਰੰਥ ਵਿਚੋਂ]

ਸੋ ਹਰੇਕ ਚੀਜ਼ ਦਾ ਨਾਮ ਖ਼ਾਸ ਗੁਣਾਂ ਕਰਕੇ ਸੰਸਾਰ ਵਿਚ ਪ੍ਰਸਿਧ ਹੁੰਦਾ ਹੈ। ਜੇ ਕਿਸੇ ਨਾਮੀ ਵਿਚੋਂ ਉਸ ਦੇ ਚੰਗੇ ਗੁਣਾਂ ਦਾ ਪ੍ਰਭਾਵ ਨਹੀਂ ਪੈਂਦਾ, ਉਸਦੀ ਅਣਹੋਂਦ ਹੀ ਉਸਦੇ ਪਰਖ ਦੀ ਪੂਰਨ ਕਸਵੱਟੀ ਬਣ ਜਾਂਦੀ ਹੈ। ਗੁਰਸਿਖ ਚੰਦਨ ਵਾਂਗ ਹੈ। ਇਸ ਦੀ ਸੰਗਤ ਨਾਲ ਹਿਰਦੇ ਅੰਦਰ ਨਿਰੀ ਸੁਗੰਧੀ ਹੀ ਸੁਗੰਧੀ ਨਹੀਂ ਆ ਵੜਦੀ ਸਗੋਂ ਹੋਰਨਾਂ ਨੂੰ ਵੀ ਸੁਗੰਧਤ ਕਰਨ ਦੇ ਯੋਗ ਬਣਾ ਦਿੰਦਾ ਹੈ:-

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।
(ਸਲੋਕ ਕਬੀਰ ਜੀ ਪੰਨਾ ੧੩੬੫)

ਗੁਰਸਿਖਾਂ ਦੀ ਛੋਹ ਮਿਟੀ ਨੂੰ ਸੋਨਾ ਬਣਾ ਦੇਂਦੀ ਹੈ। ਗੁਰਸਿਖ ਦੁਨਿਆਵੀ ਜੀਵਨ ਜੀਉਂ-ਦਿਆਂ ਦੁਨੀਆਂ ਵਲੋਂ ਔਖੇ ਨਹੀਂ ਹੁੰਦੇ। ਆਸਾਂ ਵਿੱਚ ਹੁੰਦਿਆਂ ਹੋਇਆਂ ਨਿਰਾਸ ਅਤੇ ਨਿਰਲੇਪ ਰਹਿੰਦੇ ਹੈਨ:-

ਗੁਰਮੁਖ ਨਿਰਮਲ ਰਹਹਿ ਪਿਆਰੇ ॥
ਜਿਉ ਜਲ ਅੰਭ ਊਪਰ ਕਮਲ ਨਿਰਾਰੇ ॥
(ਆਸਾ ਮ: ੧, ਪੰਨਾ ੩੫੩)

ਗੁਰਸਿਖ ਦੁਨੀਆਂ ਦੇ ਲੋਕਾਂ ਨਾਲ ਹਸਦੇ ਖੇਡਦੇ ਹੈਨ ਪਰ ਦਿਲੋਂ ਨਹੀਂ, ਬਾਹਰੋਂ ਠਾਨਾ ਬਾਗਾ ਲਣਾਈ ਰਖਦੇ ਹਨ ਉਹ ਆਪਣੇ ਹਿਰਦੇ ਅੰਦਰ ਇਕੋ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਹਨ। ਗੁਰਸਿਖ ਹਉਮੈ ਵਾਲੇ ਕਰਮ ਨਹੀਂ ਕਰਦੇ। ਜੇਕਰ ਹਉਮੈਂ ਵਾਲੀ ਲੇਸ ਨਾਲ ਕਿਸੇ ਕੁਕ੍ਰਿਤ ਕਰਮ ਵਲ ਸਿਖ ਦਾ ਮਨ ਡੋਲਣ ਲਗੇ ਤਾਂ ਸਿਖ ਝਟ ਹੀ ਅਨੁਭਵ ਕਰ ਲੈਂਦੇ ਹਨ ਕਿ 'ਗੁਰ ਮੇਰੇ ਸੰਗਿ ਸਦਾ ਹੈ ਨਾਲੇ' ਉਹਨਾਂ ਦੇ ਮਨ ਅੰਦਰ ਗੁਰੂ ਦੀ ਜੋਤਿ ਦਾ ਝਟ ਝਲਕਾਰਾ ਵਜਦਾ ਹੈ ਅਤੇ ਭਾਈ ਜੋਗਾ ਸਿੰਘ ਵਾਂਗ ਉਥੇ ਹੀ ਅਟਕ ਜਾਂਦੇ ਹਨ। ਅਰਦਾਸ ਕਰਦੇ ਹਨ। ਫਿਰ ਸਤਿਗੁਰੂ ਅੰਤਰ-ਜਾਮੀ ਆਪਣੇ ਸਿਖਾਂ ਦੀ ਰਖਵਾਲੀ ਲਈ ਆਪ ਬਹੁੜਦੇ ਹਨ। ਇਸੇ ਲਈ ਸਿਖ ਸਦਾ ਆਪਣੇ ਗੁਰੂ ਤੇ ਮਾਣ ਕਰਦੇ ਹਨ। ਮਾਣ ਕਰਨ ਵੀ ਕਿਉਂ ਨਾ। ਜਦੋਂ ਸਾਰੇ ਸਾਕ ਸਬੰਧੀ ਛੋੜ ਕੇ ਗੁਰੂ ਨੂੰ ਮਾਤਾ, ਪਿਤਾ, ਭੈਣ ਭਰਾ ਤੇ ਸਖਾ ਆਦਿ ਬਣਾ ਲਿਆ। ਇਹ ਮਾਣ ਅਹੰਕਾਰ ਵਾਲਾ ਨਹੀਂ, ਭਰੋਸੇ ਵਾਲਾ ਹੁੰਦਾ ਹੈ। ਗੁਰੂ ਨੂੰ ਬੰਦੀ ਛੋੜ ਸਮਝ ਕੇ ਗੁਰੂ ਨਾਲ ਪਿਆਰ ਵਾਲੀ ਖੇਡ ਖੇਡਦਾ, ਤੇ ਪਿਆਰ ਵਾਲਾ ਮਾਣ ਕਰਨਾ ਅਸਚਰਜ ਪਿਆਰ ਹੈ। ਅਗੋਂ ਸਤਿਗੁਰੂ ਜੀ ਵੀ ਮਾਤਾ ਪਿਤਾ ਦੀ ਨਿਆਈਂ ਅਪਣੇ ਸਿਖ ਬਚਿਆਂ ਨੂੰ ਲਾਡ ਲਡਾਉਂਦੇ ਹਨ ਅਤੇ ਇਸ ਪਿਆਰ ਵਿਚ ਗੁਰਸਿਖ ਗੁਰੂ ਦੇ ਬਚਨ ਪੜ੍ਹਨ ਲਗ ਜਾਂਦੇ ਹਨ:—

ਹਮ ਬਾਰਿਕ ਤੁਮ ਪਿਤਾ ਹਮਾਰੇ,
ਤੁਮ ਮੁਖਿ ਦੇਵਹੁ ਖੀਰਾ ॥
ਹਮ ਖੇਲਹ ਸਭ ਲਾਡ ਲਡਾਵਹ,
ਤੁਮ ਸਦ ਗੁਣੀ ਗਹੀਰਾ ॥
(ਰਾਮਕਲੀ ਮ: ੫, ਪੰਨਾ ੮੮੪)

ਭਗਤ ਨਾਮਦੇਵ ਜੀ ਨੇ ਬੜੇ ਪਿਆਰ ਵਿਚ ਆ ਕੇ ਆਖਿਆ:-

ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥
ਏਕੈ ਠਾਹਰ ਦੁਹਾ ਬਸੇਰਾ ॥
(ਪੰਨਾ–੪੭੬)

ਗੁਰਸਿਖਾਂ ਨੂੰ ਆਪਣੇ ਗੁਰੂ ਦੀ ਵਡਿਆਈ ਭਾਉਂਦੀ ਹੈ 'ਗੁਰਸਿਖਾਂ ਕੈ ਮਨ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥' ਇਸ ਲਈ ਆਪਣੀ ਵਡਿਆਈ ਵਲ ਉਹਨਾਂ ਦਾ ਝੁਕਾ ਨਹੀਂ ਹੁੰਦਾ। ਗੁਰਸਿਖ ਆਪਣੇ ਗੁਰੂ ਤੇ ਮਾਣ ਕਰਦੇ ਹੋਏ ਵੀ ਸਦਾ



www.AKJ.Org

ਗਰੀਬੀ ਵਿੱਚ ਰਹਿੰਦੇ ਹਨ । ਉਹ ਬੜਬੋਲਿਆਂ ਵਾਂਗ ਗੱਲਾਂ ਨਹੀਂ ਕਰਦੇ । ਮੂੰਹੋਂ ਅਜਿਹੇ ਬਚਨ ਕਰਦੇ ਹਨ ਜਿਹੜੇ ਗੁਰੂ ਨੂੰ ਭਾਉਂਦੇ ਹੋਣ :—

ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ।
ਬੁਲਾਇਆ ਬੋਲੈ ਗੁਰ ਕੈ ਭਾਣਿ । (ਪੰਨਾ ੩੯੬)

( ੩ )

ਦੂਜੀ ਗਲ ਬਾਣੇ ਦੀ, ਇਸ ਲਈ ਸਿਖ ਨਿਤ ਅਰਦਾਸ ਕਰਦਾ 'ਜੀ, ਸਤਿਗੁਰੂ ਸਚੇ ਪਾਤਸ਼ਾਹ ਜੀਓ, ਆਪਣੇ ਬਿਰਦ ਬਾਣੇ ਦੀ ਲਾਜ ਰਖਣੀ, ਸਿਖੀ ਕੇਸਾਂ ਸੁਆਸਾਂ ਨਾਰ ਨਿਭਾਉਣੀ ।' ਬਾਣੇ ਦੀ ਬੇਅੰਤ ਮਹੱਤਤਾ ਹੈ । ਵਡੀ ਗੱਲ ਇਹ ਹੈ ਕਿ ਸਿਖ ਆਪਣਾ ਬਾਣਾ ਸਮਝ ਕੇ ਇਸ ਦਾ ਸਤਿਕਾਰ ਨਹੀਂ ਕਰਦਾ । ਉਹ ਬਾਣੇ ਨੂੰ ਗੁਰੂ ਦੀ ਦਾਤ ਤੇ ਬਖ਼ਸ਼ਸ਼ ਦਾ ਨਿਸ਼ਾਨ ਸਮਝ ਕੇ ਉਸ ਅਗੇ ਆਪਣਾ ਸੀਸ ਝੁਕਾਉਂਦਾ ਹੈ । ਇਕ ਬਾਣਾ ਹੀ ਨਹੀਂ, ਸਿਖ ਗੁਰੂ ਸਾਹਿਬ ਦੀ ਹਰੇਕ ਚੀਜ਼ ਨਾਲ ਅਕਹਿ ਪਿਆਰ ਕਰਦਾ ਹੈ । ਭਾਈ ਨੰਦ ਲਾਲ ਜੀ ਨੇ ਕਿਸੇ ਵਜਦ ਵਿਚ ਆ ਕੇ ਇਸ ਗਜ਼ਲ ਦਾ ਉਚਾਰਨ ਕੀਤਾ ਸੀ–

ਦੀਨ ਦੁਨੀਆਂ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ ।
ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ ।

ਦੋਵੇਂ ਆਲਮ ਆਪਣੇ ਪਿਆਰੇ ਪ੍ਰੀਤਮ ਦੇ ਇਕ ਇਕ ਕੇਸ ਤੋਂ ਵਾਰਨੇ, ਪਿਆਰ ਨਾਲ ਭਰੀ ਤੇ ਪ੍ਰਫੁਲਤ ਹੋਈ ਆਤਮਾ ਦਾ ਕੰਮ ਹੈ । ਇਹੋ ਹੀ ਗੁਰਸਿਖਾਂ ਦੇ ਸਚੇ ਸੁਚੇ ਦਿਲਾਂ ਦੀਆਂ ਪਿਆਰੀਆਂ ਪਿਆਰੀਆਂ ਝਲਕਾਂ ਹਨ । ਸੱਚਾ ਪਿਆਰ ਆਪਣੇ ਆਪ ਹੀ ਉਮਾਹੂ-ਚਸ਼ਮੇ ਦੇ ਪਾਣੀ ਵਾਂਗ ਫੁਟ ਫੁਟ ਬਾਹਰ ਆਉਂਦਾ ਹੈ । ਬਾਣਾ ਤਾਂ ਸਿਖ ਦੀ ਬਾਹਰਲੀ ਪਛਾਣ ਹੈ ।

ਸਚਮੁਚ ਪੰਜ ਕਕਾਰਾਂ ਦਾ ਧਾਰਨੀ ਤੇ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਗੁਰਸਿਖ ਜਦੋਂ ਸ਼ਸਤਰਾਂ ਸਹਿਤ ਸਨਧਬਧ ਹੋਵੇ, ਉਸ ਦੇ ਨੂਰਾਨੀ ਚਿਹਰੇ ਤੋਂ ਓਹ ਨਿਰੰਜਨੀ ਜੋਤਿ ਝਲਕਾਂ ਮਾਰਦੀ ਹੈ, ਓਸ ਪਿਆਰੇ ਦੇ ਦਰਸ਼ਨਾਂ ਨਾਲ ਆਪ-ਮੁਹਾਰੇ ਸੁਹਣੇ ਸੁਹਣੇ, ਪਿਆਰੇ ਪਿਆਰੇ ਮਿਠੇ ਮਿਠੇ, ਬਾਲਾ ਪ੍ਰੀਤਮ ਜੀ ਦੇ ਦਰਸ਼ਨ ਹੋ ਜਾਂਦੇ ਹਨ ਤੇ ਮੂੰਹੋਂ ਨਿਕਲਣ ਲਗ ਜਾਂਦਾ ਹੈ :—

ਧੰਨ ਗੁਰੂ ਗੋਬਿੰਦ ਸਿੰਘ ਸਾਹਿਬ !
ਧੰਨ ਗੁਰੂ ਗੋਬਿੰਦ ਸਿੰਘ ਸਾਹਿਬ !!
ਧੰਨ ਗੁਰੂ ਗੋਬਿੰਦ ਸਿੰਘ ਸਾਹਿਬ !!!

ਜਿਥੇ ਗੁਰਸਿਖ ਦੀ ਬਾਣੇ ਕਰਕੇ ਵਡਿਆਈ ਪਸਰ ਰਹੀ ਹੈ, ਉਥੇ ਗੁਰਸਿਖ ਦਾ ਹਿਹਦਾ ਅਲੌਕਿਕ ਗੁਣਾਂ ਨਾਲ ਵੀ ਭਰਪੂਰ ਹੋ । ਗੁਰਸਿਖ ਨੂੰ ਨਾਮ, ਦਾਨ, ਇਸ਼ਨਾਨ, ਬਿਨਾਂ ਵਿਤਕਰੇ ਹਰੇਕ ਜੀਅ ਜੰਤ ਨਾਲ ਪਿਆਰ ਕਰਨਾ, ਸਚ ਬੋਲਣਾ, ਧਰਮ ਦੀ ਕਿਰਤ ਕਰਨੀ, ਵੰਡ ਛਕਣਾ, ਅਨਾਥਾਂ ਨਿਥਾਵਿਆਂ ਦੀ ਸਹਾਇਤਾ ਕਰਨੀ, ਬੁਰਿਆਂ ਨਾਲ ਵੀ ਚੰਗਿਆਈ ਕਰਨੀ, ਇਤਿ ਆਦ ਸਭ ਗੁਣ ਸਤਿਗੁਰੂ ਜੀ ਪਾਸੋਂ ਵਿਰਸੇ ਵਿਚ ਮਿਲੇ ਹੋਏ ਹਨ । ਗੁਰਸਿਖ ਦਾ ਮੁਖੜਾ ਸਦਾ ਕੰਵਲ ਫੁਲ ਵਾਂਗ ਖਿੜਿਆ ਰਹਿੰਦਾ ਹੈ । ਜਿਸ ਮਨੁੱਖ ਦੇ ਚੇਹਰੇ ਤੇ ਉਦਾਸੀ ਦਾ ਚਿੰਨ ਨਾ ਹੋਵੇ, ਸਦੀਵ ਕਾਲ ਖੇੜਾ ਹੋਵੇ, ਉਸ ਤੋਂ ਵਡੀ ਵਿਸ਼ੇਸ਼ਤਾਈ ਜੀਵਨ ਵਿਚ ਹੋਰ ਕੀ ਹੋ ਸਕਦੀ ਹੈ ? ਸਤਿਗੁਰੂ ਜੀ ਹਰੇਕ ਸਿਖ ਦੇ ਹਿਰਦੇ ਅੰਦਰ ਹਨ ਪਰ ਇਸ ਗਲ ਦਾ ਬਾਹਰਲਾ ਗਿਆਨ ਹਰੇਕ ਨੂੰ ਹੈ, ਸਤਿਗੁਰੂ ਦੀ ਹਜ਼ੂਰੀ ਦਾ ਪਤਾ ਨਹੀਂ । ਗੁਰਸਿਖ, ਗੁਰੂ ਦੀ ਹੋਂਦ ਨੂੰ ਸਦਾ ਹਿਰਦੇ ਅੰਦਰ ਟਿਕਾਉਂਦਾ ਹੈ । ਗੁਰਦੀਖਿਆ ਤੋਂ ਹੀਣ ਮਨੁੱਖਾਂ ਦਾ ਹਾਲ ਮ੍ਰਿਗ ਵਾਂਗ ਹੈ, ਜੋ ਆਪਣੀ ਨਾਭੀ ਵਿਚ ਕਸਤੂਰੀ ਹੁੰਦੇ ਹੋਇਆਂ ਝਾੜਾਂ ਨੂੰ ਗਾਹੀ ਫਿਰਦਾ ਹੈ:—

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ
ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ
ਭ੍ਰਮਦਾ ਭਰਮਿ ਭੁਲਾਇਆ ॥
(ਮ: ੩, ਪੰਨਾ-੬੪੪)

ਇਸੇ ਤਰ੍ਹਾਂ ਵਾਹਿਗੁਰੂ ਜੀ ਦੀ ਜੋਤਿ ਦਾ ਪ੍ਰਕਾਸ਼ ਸਾਰਿਆਂ ਅੰਦਰ ਹੈ ਪਰ ਪ੍ਰਗਟ ਕੇਵਲ ਗੁਰੂ ਦੀ ਰਾਹੀਂ ਹੁੰਦੀ ਹੈ । ਗੁਰਸਿਖ, ਗੁਰੂ ਦੇ ਦਸੇ ਹੋਏ ਉਪਦੇਸ਼ਾਂ ਨੂੰ ਚੇਤੇ ਕਰ ਕੇ, ਸੁਣ ਕੇ, ਮੰਨ ਕੇ,



www.AKJ.Org

ਨਿਧਆਸਨ ਕਰਦੇ ਹਨ । ਇਸ ਤਰ੍ਹਾਂ ਇਹ ਗੁਰੂ ਦੀ ਦਸੀ ਹੋਈ ਜੁਗਤੀ ਅਨੁਸਾਰ ਵਾਹਿਗੁਰੂ ਗੁਰਮੰਤ੍ਰ ਦੀ ਕਮਾਈ ਕਰਕੇ ਉਸ ਨਿਰੰਜਨੀ ਜੋਤਿ ਦੇ ਦਰਸ਼ਨ ਕਰਦੇ ਹਨ । ਅਕਾਲੀ ਜੋਤਿ ਸਭ ਜੀਆਂ ਅੰਦਰ ਹੈ ਪਰ ਉਸ ਜੋਤਿ ਦਾ ਵਰਤਾਰਾ ਭਿੰਨ ਭਿੰਨ ਰੂਪ ਵਿਚ ਹੈ । ਇਕ ਦੂਜੇ ਨਾਲ ਨਹੀਂ ਮਿਲਦੀ । ਜਿਵੇਂ ਪਾਵਰ ਹਾਊਸ ਇਕ ਹੈ ਪਰ ਉਸ ਦੀ ਰੋਸ਼ਨੀ ਦਾ ਪ੍ਰਗਟਾਅ ਛੋਟੇ ਤੇ ਵਡੇ ਬਲਬਾਂ ਰਾਹੀਂ ਹੁੰਦਾ ਹੈ । ਜਿਥੇ ਬਲਬ ਨਹੀਂ ਹੁੰਦਾ, ਜਾਂ ਬਲਬ ਫੀਊਜ਼ ਹੋ ਜਾਂਦਾ ਹੈ, ਉਥੇ ਹਨੇਰਾ ਹੀ ਰਹਿੰਦਾ ਹੈ । ਗੁਰਸਿਖਾਂ ਦੇ ਅੰਦਰ ਤੇ ਬਾਹਰ ਨੂਰ ਹੀ ਨੂਰ ਹੈ । ਗੁਰਸਿਖ ਪਰਉਪਕਾਰ ਤੇ ਸੇਵਾ ਲਈ ਤੱਤਪਰ ਰਹਿੰਦੇ ਹਨ । ਗੁਰਸਿੱਖ ਅੰਦਰ ਜ਼ਾਤ ਪਾਤ ਦਾ ਕੋਈ ਭੇਦ ਭਰਮ ਨਹੀਂ ਹੁੰਦਾ । ਸਤਿਗੁਰੂ ਜੀ ਆਪ ਸਮਦ੍ਰਿਸਟਾ ਹਨ ਅਤੇ ਸਿਖਾਂ ਨੂੰ ਸਮਾਨ-ਦ੍ਰਿਸਟੀ ਦੀ ਬਖਸ਼ਸ਼ ਕੀਤੀ ਹੈ । ਉਹ ਕਿਸੇ ਨਾਲ ਵੈਰ ਭਾਵਨਾ ਅਤੇ ਵਿਤਕਰਾ ਨਹੀਂ ਕਰਦੇ ।

ਸਤਿਗੁਰੂ ਜੀ ਦਾ ਉਪਦੇਸ਼ ਸਾਰੇ ਜੀਵਾਂ ਲਈ ਸਾਂਝਾ ਹੈ । ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ ਪੈਰ ਰਖਦੇ ਹੀ ਚੌਹਾਂ ਵਰਨਾਂ ਨੂੰ ਇਕ ਵਰਨ ਵਿਚ ਕਰ ਦਿਤਾ । 'ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਯਾ ।'

ਹੇਠ ਲਿਖਿਆ ਪਵਿਤ੍ਰ ਵਾਕ ਹਰੇਕ ਮਨੁਖ ਲਈ ਸਰਬ-ਸਾਂਝਾ ਉਪਦੇਸ਼ ਹੈ:—

ਖਤ੍ਰੀ ਬ੍ਰਹਮਣ ਸੂਦ ਵੈਸ,
ਉਪਦੇਸ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ,
ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥
(ਪੰਨਾ—੭੪੭)

ਗੁਰਸਿਖ ਦੀ ਵਡਿਆਈ ਗੁਰੂ ਉਪਦੇਸ਼ ਕਮਾਉਣ ਕਰਕੇ ਹੈ । ਗੁਰੂ ਘਰ ਵਿਚ ਵਡਿਆਈ ਉਸੇ ਮਨੁਖ ਨੂੰ ਮਿਲਦੀ ਹੈ ਜਿਹੜਾ ਕਰਣੀ ਕਰਕੇ ਵਡਾ ਹੈ । ਭਾਈ ਬਾਲੇ ਵਾਲੀ ਜਨਮਸਾਖੀ ਚੋਂ ਸਾਨੂੰ ਇਸ ਬਾਰੇ ਬੜੀ ਸੁਹਣੀ ਗਵਾਹੀ ਮਿਲਦੀ ਹੈ:—

'ਬੇਬੇ ਨਾਨਕੀ ਨੇ ਕਹਿਆ' 'ਭਾਈ ਜੀ, ਦਿਨਾਂ ਵਿੱਚ ਤਾਂ ਮੈਂ ਆਪ ਤੋਂ ਬਡੀ ਹਾਂ, ਪਰ ਕਰਮ ਵਿਚ ਬਡੀ ਨਹੀਂ । ਅਰ ਬਡਾ ਸੋਈ ਹੈ ਜੋ ਕਰਮਾਂ ਵਿਚ ਬਡਾ ਹੋਵੇ' ਗੁਰਸਿਖ ਸਦਾ ਸ਼ੁਭ ਕਰਮ ਕਰਕੇ ਆਪਣੇ ਗੁਰੂ ਦੇ ਸਤਿਕਾਰ ਵਿਚ ਰਹਿੰਦਾ ਹੈ:—

ਤਾਲਬਾਨੇ ਹਕ ਹਮੇਸ਼ਹ ਬਾਅਦਬ ।
ਬਾਅਦਬ ਬਾਸ਼ਦੰ, ਦਾਯਮ ਬਾਅਦਬ ।
(ਭਾਈ ਨੰਦ ਲਾਲ ਜੀ)

ਪੂਰਨ ਗੁਰਸਿਖ ਦਾ ਸਹੀ ਚਿਤ੍ਰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਹੇਠ ਲਿਖੇ ਸ਼ਬਦ ਵਿਚ ਦਿੱਤਾ ਹੈ—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
(ਪੰਨਾ ੩੦੫-੬)

ਕਈ ਸਜਣ ਉਪਰੋਕਤ ਸ਼ਬਦ ਦਾ ਅਰਥ ਕਰਨ ਵੇਲੇ ਟਪਲਾ ਖਾ ਜਾਂਦੇ ਹਨ । ਉਹ ਅਰਥ ਕਰਨ ਵੇਲੇ ਸਮਝਾਉਂਦੇ ਹਨ ਕਿ ਸਭ ਤੋਂ ਪਹਿਲਾਂ ਸਿਖ ਉਠ ਕੇ ਸਿਮਰਨ ਵਿਚ ਜੁਟ ਜਾਵੇ ਤੇ ਪਿਛੋਂ ਇਸ਼ਨਾਨ ਕਰੇ । ਦੂਜੀ ਗਲ ਇਹ ਕਿ ਉਹ ਸ਼ਬਦ ਦਾ ਅਰਥ ਇਉਂ ਅਰੰਭ ਕਰਦੇ ਹਨ 'ਸਤਿਗੁਰੂ ਜੀ ਫਰਮਾਉਂਦੇ ਹਨ ਕਿ ਸਿਖ ਅਮਕਾ ਕੰਮ ਕਰੇ' ਭਾਵ, ਹੁਕਮੀ ਕਿਰਿਆ ਨਾਲ ਅਰਥ ਸਮਝਾਉਂਦੇ ਹਨ । ਇਥੇ ਕਿਸੇ



www.AKJ.Org

ਟੀਕਾ ਟਿਪਣੀ ਵਿਚ ਨਹੀਂ ਪੈਣਾ ਕੇਵਲ ਅਜਿਹੇ ਸਜਣ ਦੀ ਗਿਆਤ ਲਈ ਕੁਝ ਗੁਰਮਤਿ ਵੀਚਾਰ ਦੇਣੇ ਯੋਗ ਹਨ।

ਇਸ ਸ਼ਬਦ ਵਿਚ ਇਕ ਪੂਰਨ ਗੁਰਸਿਖ ਦੇ ਜੀਵਨ ਨੂੰ ਨਿਰੂਪਣ ਕੀਤਾ ਗਿਆ ਹੈ। ਇਸ ਦਾ ਅਰਥ ਕਰਨ ਵੇਲੇ ਸਾਨੂੰ ਇਉਂ ਸਮਝਣਾ ਚਾਹੀਦਾ ਹੈ ਕਿ ਜਿਹੜਾ ਮਨੁਖ ਆਪਣੇ ਆਪ ਨੂੰ ਸਤਿਗੁਰੂ ਸਚੇ ਪਾਤਸ਼ਾਹ ਦਾ ਸਿਖ ਅਖਾਉਂਦਾ ਹੈ ਉਹ ਅੰਮ੍ਰਿਤ ਵੇਲੇ ਉਠਣ ਦਾ ਉਦਮ ਕਰਦਾ ਹੈ। (ਉਦਮ ਕਿਹੜਾ? ਉਠਣਾ ਤੇ ਇਸ਼ਨਾਨ ਕਰਕੇ ਵਾਹਿਗੁਰੂ ਗੁਰਮੰਤ੍ਰ ਦੀ ਕਮਾਈ ਵਿਚ ਜੁਟ ਜਾਣਾ।) ਹੀ ਅਸਲੀ ਉਦਮ ਹੈ। ਸਿਮਰਨ ਤੋਂ ਪਿਛੋਂ ਇਸ਼ਨਾਨ ਕਰਨਾ ਗੁਰੂ ਆਸ਼ੇ ਦੇ ਪ੍ਰਤਿਕੂਲ ਹੈ। ਜਿਹੜੇ ਸਜਣ ਆਪਣੀ ਇਹ ਦਲੀਲ ਦੇਂਦੇ ਹਨ ਕਿ 'ਜੀ, ਸਵੇਰੇ ਸਵੇਰੇ ਬਾਲਟੀ ਜਾਂ ਪਾਣੀ ਦੀ ਆਵਾਜ਼ ਨਾਲ ਰੌਲਾ ਪੈਂਦਾ ਹੈ ਤੇ ਸੁਤੇ ਹੋਇਆਂ ਦੀ ਜਾਗ ਖੁਲ੍ਹ ਜਾਂਦੀ ਹੈ ਸਿਮਰਨ ਵੀ ਗੁਪਤ ਨਹੀਂ ਰਹਿੰਦਾ।' ਗੁਰਮਤ ਕਸਵਟੀ ਤੇ ਉਹਨਾਂ ਦੀ ਸਿਮਰਨ ਪਿਛੋਂ ਇਸ਼ਨਾਨ ਕਰਨ ਵਾਲੀ ਦਲੀਲ ਪੂਰੀ ਨਹੀਂ ਉਤਰਦੀ।

ਸਿਖ ਧਰਮ ਨਿਰੀਪੁਰੀ ਦਿਮਾਗੀ ਮਨੌਤ ਨਹੀਂ ਇਸਦੀ ਸਚਾਈ ਅੰਤਰਆਤਮੇਂ ਰਾਹੀਂ ਪਰਗਟ ਹੈ। ਗੁਰਸਿਖ ਦਾ ਆਰਥਕ ਤੇ ਪਰਮਾਰਥਕ ਜੀਵਨ ਸੰਸਾਰੀਆਂ ਨਾਲੋਂ ਵਖਰਾ ਹੈ:—

ਭਗਤਾ ਤੇ ਸੰਸਾਰੀਆ ਜੋੜੁ ਕਦੇ ਨ ਆਇਆ॥
[ਪੰਨਾ—੧੪੫]

ਗੁਰਸਿਖੀ ਨੂੰ ਸਮਝਣ ਦਾ ਭੇਦ ਉਸੇ ਨੂੰ ਮਿਲ ਸਕਦਾ ਹੈ ਜਿਹੜਾ ਆਪ ਇਸ ਰਾਹ ਤੇ ਤੁਰੇ ਤੇ ਗੁਰਸਿਖ ਦੀ ਸੰਗਤ ਕਰੇ। ਮੂੰਹ-ਜ਼ਬਾਨੀ ਗਲਾਂ ਨਾਲ ਸਿਖੀ ਹਿਰਦੇ ਅੰਦਰ ਨਹੀਂ ਵਸਦੀ। ਸਿਖ ਦਾ ਆਦਰਸ਼ ਬੜਾ ਉੱਚਾ ਹੈ ਅਤੇ ਇਸ ਕਸਵੱਟੀ ਤੇ ਭਾਈ ਭਿਖਾਰੀ ਜੀ ਵਰਗਾ ਕੋਈ ਵਿਰਲਾ ਹੀ ਪੂਰਾ ਉਤਰਦਾ ਹੈ। ਕਿਸੇ ਵਿਰਲੇ ਸੇਵਕ ਦੀ ਪ੍ਰੀਤ ਹੀ ਓੜਕ ਨਿਭਦੀ ਹੈ। ਇਹ ਇਕ ਸਾਧਾਰਨ ਜਹੀ ਗਲ ਹੈ ਕਿ ਇਸ਼ਨਾਨ ਤੋਂ ਬਿਨਾਂ ਮਨੁੱਖ ਆਲਸੀ ਬਣਿਆ ਰਹਿੰਦਾ ਹੈ। ਉਬਾਸੀਆਂ ਤੇ ਅਕੜਾਈਆਂ ਲੈਂਦਾ ਰਹਿੰਦਾ ਹੈ। ਇਸ ਆਲਸ ਤੋਂ ਬਚਣ ਲਈ, ਦਲਿਦਰਤਾ ਨੂੰ ਦੂਰ ਕਰਨ ਲਈ, ਸਿਮਰਨ ਤੋਂ ਪਹਿਲਾਂ ਇਸ਼ਨਾਨ ਦੀ ਲੋੜ ਹੈ। ਸਰੀਰ ਦੀ ਸਾਵ-ਧਾਨਤਾ ਇਸ਼ਨਾਨ ਨਾਲ ਹੁੰਦੀ ਹੈ, ਮਨ ਦੀ ਸਾਵ-ਧਾਨਤਾ ਸਿਮਰਨ ਨਾਲ ਹੁੰਦੀ ਹੈ। ਭਾਵੇਂ ਧਾਰਮਿਕ ਮੰਡਲ ਵਿਚ ਬਾਹਰਲੇ ਇਸ਼ਨਾਨ ਦੀ ਕੋਈ ਵੱਡੀ ਮਹਤੱਤਾ ਨਹੀਂ ਪਰ ਸਰੀਰ ਨੂੰ ਅਰੋਗ ਤੇ ਸਵੱਛ ਰਖਣ ਲਈ ਮਨੁਖ ਦਾ ਸਭ ਤੋਂ ਪਹਿਲਾ ਫਰਜ਼ ਅੰਮ੍ਰਿਤ ਵੇਲੇ ਉਠ ਕੇ ਦਾਤਣ ਤੇ ਇਸ਼ਨਾਨ ਕਰਨਾ ਹੈ। ਗੁਰਸਿਖਾਂ ਦੀ ਬਾਹਰਲੀ ਰਹਿਤ ਬਹਿਤ ਦੇ ਦਰਸ਼ਨ ਅਸੀਂ ਸਥੂਲ ਨੇਤਰਾਂ ਨਾਲ ਕਰ ਸਕਦੇ ਹਾਂ ਪਰ ਆਤਮਕ ਦਰਸ਼ਨ ਦਿਬ-ਦਰਿਸ਼ਟੀ (ਬਿਅੰਨ ਅਖੜੀਆਂ) ਨਾਲ ਹੀ ਹੋ ਸਕਦੇ ਹਨ।

ਹੇਠ ਲਿਖੇ ਗੁਰਬਾਣੀ ਦੇ ਪਰਮਾਣਾਂ ਤੋਂ ਇਹ ਗਲ ਸਿਧ ਹੋ ਜਾਂਦੀ ਹੈ ਕਿ ਗੁਰਸਿਖ ਅੰਮ੍ਰਿਤ ਵੇਲੇ ਉਠ ਕੇ ਪਹਿਲਾਂ ਇਸ਼ਨਾਨ ਕਰਦਾ ਹੈ ਫਿਰ ਨਾਮ ਜਪਦਾ ਹੈ:—

ਗੁਰਸਿਖ ਭਲਕੇ ਉਠ ਕਰ
ਅੰਮ੍ਰਿਤ ਵੇਲੇ ਸਰ ਨ੍ਹਾਵੰਦਾ।
ਗੁਰ ਕੈ ਬਚਨ ਉਚਾਰ ਕੈ
ਧਰਮਸਾਲਾ ਦੀ ਸੁਰਤਿ ਕਰੰਦਾ।
(ਭਾ: ਗੁ: ਵਾਰ ੪੦ ਪਉੜੀ ੧੧)

ਅੰਮ੍ਰਿਤ ਵੇਲੇ ਨਾਵਣਾ
ਗੁਰਮੁਖ ਜਪ ਗੁਰੁਮੰਤ੍ਰ ਜਪਾਯਾ।

ਨਾਵਣ ਅੰਮ੍ਰਿਤ ਵੇਲੇ ਸਵਣ ਸੁਦੇਸਿਆ।
ਗੁਰ ਜਪ ਰਿਦੇ ਸੁਹੇਲ ਗੁਰੁ ਪਰਵੇਸਿਆ।
ਅੰਮ੍ਰਿਤ ਵੇਲੈ ਉਠ ਕੇ
ਜਾਇ ਅੰਦਰ ਦਰਯਾਇ ਨ੍ਹਵੰਦੇ।
ਸਹਿਜ ਸਮਾਧ ਅਗਾਧ ਵਿਚ
ਇਕ ਮਨ ਹੋ ਗੁਰ ਜਾਪ ਜਪੰਦੇ।
(ਭਾ: ਗੁ: ਵਾਰ ੬ ਪਉੜੀ ੩)



www.AKJ.Org

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ ।
ਕੋਟਿ ਬਿਘਨ ਲਾਥੇ ਪ੍ਰਭ ਸਰਣਾ
ਪ੍ਰਗਟੇ ਭਲੇ ਸੰਜੋਗਾ । (ਪੰਨਾ–੬੧੧)

ਚਉਥੈ ਪਹਰ ਸਬਾਹਿ ਕੈ
ਸੁਰਤਿਆ ਉਪਜੈ ਚਾਉ ॥
ਤਿਨਾ ਦਰਯਾਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ ।
(ਪੰਨਾ–੧੪੬)

ਸੋ ਪੂਰਨ ਗੁਰਸਿਖ ਉਹ ਹੈ ਜਿਹੜਾ ਗੁਰੂ ਜੀ ਦੀ ਦਸੀ ਹੋਈ ਤੇ ਚਲਾਈ ਹੋਈ ਰਹੁਰੀਤੀ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ । ਜਿਹੜਾ ਹੁਕਮ ਵਿਚ ਨਹੀਂ ਚਲਦਾ, ਉਹ ਗੁਰੂ ਤੋਂ ਵਿਛੜਿਆ ਰਹਿੰਦਾ ਹੈ । ਹੁਕਮ ਅਦੂਲੀ ਕਰਕੇ ਮੂੰਹ ਤੇ ਚੋਟਾਂ ਖਾਂਦਾ ਹੈ । ਸਿਖ ਉਹੋ ਹੈ ਜਿਹੜਾ ਗੁਰੂ ਦੇ ਭਾਣੇ ਵਿਚ ਚਲਦਾ ਹੈ:—

ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ ।
ਆਪਣੈ ਭਾਣੈ ਜੋ ਚਲੈ ਭਾਈ
ਵਿਛੁੜਿ ਚੋਟਾ ਖਾਵੈ ।
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ
ਫਿਰਿ ਫਿਰਿ ਪਛੋਤਾਵੈ ।
(ਪੰਨਾ ੩੦੪)

ਸਤਿਗੁਰ ਕੈ ਆਖਿਐ ਜੋ ਚਲੈ
ਸੋ ਸਤਿਪੁਰਖ ਭਲ ਭਲਾ ।
(ਪੰਨਾ ੩੦੪)

ਗੁਰਸਿਖ ਹਰੇਕ ਚੀਜ਼ ਨੂੰ ਸੰਜਮ ਨਾਲ ਵਰਤਦਾ ਹੈ । 'ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤ' ਅਤੇ– 'ਕਾਮ ਕ੍ਰੋਧ ਅਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ' ਵਾਲੇ ਗੁਰ ਉਪਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਨਾ ਕਰਦਾ ਹੈ । ਸੰਸਾਰੀਆਂ ਵਾਂਗ ਆਪਣੀ ਸੁਰਤ ਨੂੰ ਆਸਾ ਤੇ ਤ੍ਰਿਸ਼ਨਾ ਦੀ ਜਲ੍ਹਣ ਵਿਚ ਨਹੀਂ ਫਸਣ ਦੇਂਦਾ । ਉਹ ਸੀਲ ਸੰਤੋਖ ਵਿਚ ਰਹਿੰਦਾ ਹੈ । ਸੰਸਾਰ ਵਿਚ ਭਾਵੇਂ ਅਨੇਕ ਪਰਕਾਰ ਦੀਆਂ ਲੋੜਾਂ ਹਨ ਪਰ ਕੁਲੀ, ਗੁਲੀ ਤੇ ਜੁਲੀ ਤਿੰਨ ਚੀਜ਼ਾਂ ਤਾਂ ਗ੍ਰਹਸਤੀ ਜੀਵਨ ਵਿਚ ਹਰੇਕ ਲਈ ਹੋਣੀਆਂ ਜ਼ਰੂਰੀ ਹਨ । ਪਰੰਤੂ ਗੁਰਸਿਖਾਂ ਦੀ ਚਾਲ ਹੀ ਨਿਰਾਲੀ ਹੈ । ਗੁਰਸਿਖ ਬਹੁਤਾ ਪਦਾਰਥ ਵੇਖ ਕੇ ਖੁਸ਼ ਨਹੀਂ ਹੁੰਦੇ ਤੇ ਨਾ ਥੋੜਾ ਵੇਖ ਕੇ ਘਬਰਾਉਂਦੇ ਹਨ । ਉਹ ਸਦਾ ਅਡੋਲ ਰਹਿੰਦੇ ਹਨ । ਇਹਨਾਂ ਲਈ ਸਭ ਤੋਂ ਵਡੀ ਖੁਸ਼ੀ ਗੁਰਦੀਖਿਆ ਨੂੰ ਸੁਣਨਾ ਹੈ।

ਇਹ ਚਾਲ ਨਿਰਾਲੀ ਗੁਰਮੁਖੀ
ਗੁਰਦੀਖਿਆ ਸੁਣਿ ਮਨ ਭਿੰਨੇ ॥
(ਪੰਨਾ ੩੧੪)

ਗੁਰਸਿਖ ਭਗਤਾਂ ਦਾ ਮਾਰਗ ਬੜਾ ਕਰੜਾ ਹੈ । ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਆਪਣੀ ਬਾਣੀ ਅੰਦਰ ਫੁਰਮਾਉਂਦੇ ਹਨ:—

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ ॥
ਗੁਰਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ ॥
ਕਹੈ ਨਾਨਕ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥
(ਅਨੰਦ ਸਾਹਿਬ)

ਗੁਰਸਿਖ ਦਾ ਜੀਵਨ ਕੇਵਲ ਕੁਲੀ, ਗੁਲੀ, ਜੁਲੀ ਤੇ ਹੀ ਨਿਰਭਰ ਨਹੀਂ । ਗੁਰਮੁਖ ਪਕੇ ਸੰਗਮਰਮਰੀ ਮਹਿਲਾਂ ਤੇ ਕੋਠੀਆਂ ਨੂੰ ਤੁਛ ਵਸਤੂ ਸਮਝਦਾ ਹੈ । ਉਹ ਨਾਮਹੀਣ ਮਨੁਖਾਂ ਨੂੰ ਇਉਂ ਸਮਝਦਾ ਹੈ ਜਿਵੇਂ ਕੋਈ ਵਿਸ਼ਟਾ ਵਾਲੇ ਕੀੜੇ ਹੁੰਦੇ ਹਨ । ਉਸ ਨੂੰ ਗੁਰਬਾਣੀ ਤੇ ਪੂਰਨ ਵਿਸ਼ਵਾਸ ਹੈ ਕਿ ਭਾਵੇਂ ਮੋਤੀਆਂ ਤੇ ਹੀਰਿਆਂ ਤੇ ਮੰਦਰ ਉਸਰੇ



www.AKJ.Org

ਹੋਏ ਹੋਣ । ਜੇ ਵਾਹਿਗੁਰੂ ਜੀ ਚੇਤੇ ਨਹੀਂ ਆਉਂਦੇ ਤਾਂ ਉਹ ਇਕ ਕੱਖਾਂ ਦੀ ਟੁਟੀ ਹੋਈ ਝੌਂਪੜੀ ਨਾਲੋਂ ਵੀ ਭੈੜੇ ਹਨ:—

ਸੁੰਦਰ ਸੇਜ ਅਨੇਕ ਸੁਖ, ਰਸ ਭੋਗਣ ਪੂਰੇ ॥
ਗ੍ਰਿਹ ਸੋਇਨ ਚੰਦਨ ਸੁਗੰਧ, ਲਾਇ ਮੋਤੀ ਹੀਰੇ ॥
ਮਨ ਇਛੇ ਸੁਖ ਮਾਣਦਾ, ਕਿਛੁ ਨਾਹਿ ਵਿਸੂਰੇ ॥
ਸੋ ਪ੍ਰਭੁ ਚਿਤਿ ਨ ਆਵਈ, ਵਿਸਟਾ ਕੇ ਕੀਰੇ ॥
ਬਿਨੁ ਹਰਿਨਾਮੁ ਨ ਸਾਂਤਿ ਹੋਇ,
ਕਿਤੁ ਬਿਧਿ ਮਨੁ ਧੀਰੇ ॥ (ਪੰਨਾ–੭੦੭)

ਕਬੀਰ ਕੰਚਨ ਕੇ ਕੁੰਡਲ ਬਨੇ,
ਊਪਰਿ ਲਾਲ ਜੜਾਊ ॥
ਦੀਸਹਿ ਦਾਧੇ ਕਾਨ ਜਿਉ,
ਜਿਨ ਮਨਿ ਨਾਹੀ ਨਾਉ ॥ (ਪੰਨਾ-੧੩੬੪)

ਗੁਰਸਿਖਾਂ ਦੀ ਦ੍ਰਿਸ਼ਟੀ ਵਿਚ ਉਹ ਰਾਜਾ ਹੈ, ਜਿਸ ਦਾ ਹਿਰਦਾ ਹਰੀ ਨਾਮ ਨਾਲ ਭਿਜਿਆ ਹੋਇਆ ਹੈ। ਦੁਨੀਆਂ ਦੀ ਨਿਗਾਹ ਵਿਚ ਭਾਵੇਂ ਉਸ ਦੇ ਕਪੜੇ ਫਟੇ ਹੋਏ ਹਨ, ਤੇ ਕੱਖਾਂ ਦੀ ਝੁਗੀ ਵਿਚ ਰਹਿੰਦਾ ਹੈ ਪਰ ਅਸਲ ਵਿਚ ਉਹ ਮਨੁਖ ਸਾਰੀ ਸ੍ਰਿਸ਼ਟ ਦਾ ਰਾਜਾ ਹੈ:—

ਬਸਤਾ ਤੂਟੀ ਝੁੰਪੜੀ, ਚੀਰ ਸਭਿ ਛਿੰਨਾ ॥
ਜਾਤਿ ਨ ਪਤਿ ਨ ਆਦਰੋ, ਉਦਿਆਨ ਭ੍ਰਮਿੰਨਾ ॥
ਮਿਤ੍ਰ ਨ ਇਠ ਧਨ ਰੂਪਹੀਣ,
ਕਿਛੁ ਸਾਕੁ ਨ ਸਿੰਨਾ ॥
ਰਾਜਾ ਸਗਲੀ ਸ੍ਰਿਸਟਿ ਕਾ,
ਹਰਿ ਨਾਮਿ ਮਨੁ ਭਿੰਨਾ ॥ (ਪੰਨਾ–੭੦੭)

ਗੁਰਸਿਖ ਦੀ ਕੁਲੀ ਸਤਸੰਗਤ ਹੈ ਅਤੇ ਸਦੀਵ ਕਾਲ ਸੰਤਾਂ ਮਹਾਂਪੁਰਖਾਂ ਦੀ ਸੰਗਤ ਵਿੱਚ ਹੀ ਨਿਵਾਸ ਕਰਦਾ ਹੈ । ਗੁਰਸਿਖ ਗੁਰੂ ਘਰ ਦਾ ਟਹਿਲੀਆ ਬਣ ਕੇ ਬਹੁਤ ਅਨੰਦ ਅਨੁਭਵ ਕਰਦਾ ਹੈ । ਨਵਾਬੀਆਂ ਲੈਣ ਨਾਲੋਂ ਗੁਰੂ ਦੇ ਘੋੜਿਆਂ ਦੀ ਲਿਦ ਸਿਟਣੀ ਗੁਰਸਿਖ ਲਈ ਵਧੇਰੇ ਮਾਣ ਵਾਲੀ ਗਲ ਹੈ । ਗੁਰਸਿਖੀ ਝਖੜ ਹਨੇਰੀਆਂ ਕਕਰ ਪਾਲਾ ਬਰਫ ਬਰਸਣ ਦੀ ਪਰਵਾਹ ਨਹੀਂ ਕਰਦਾ । ਭਾਈ ਮੰਝ ਵਾਂਗ ਜੰਗਲ ਵਿਚੋਂ ਲਕੜਾਂ ਲਿਆਉਣ ਦੀ ਸੇਵਾ ਲਈ ਹਰ ਵੇਲੇ ਤਤਪਰ ਰਹਿੰਦਾ ਹੈ । ਗੁਰਸਿਖ ਦੇ ਦਿਲ ਵਿੱਚ ਇਕੋ ਤੀਬਰ ਇਛਾ ਹੁੰਦੀ ਹੈ:–'ਗੁਰੂ ਦੇ ਦਰਸ਼ਨ ਤੇ ਗੁਰੂ ਦੀ ਕਿਰਪਾ' ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਗੁਰਸਿਖ ਦੇ ਪਿਆਰ ਨੂੰ ਇਉਂ ਵਰਨਣ ਕੀਤਾ ਹੈ:—

ਝਖੜ ਝਾਗੀ ਮੀਹੁ ਵਰਸੈ,
ਭੀ ਗੁਰੁ ਦੇਖਣ ਜਾਈ ॥੧੩॥
ਸਮੁੰਦ ਸਾਗਰੁ ਹੋਵੈ ਬਹੁ ਖਾਰਾ,
ਗੁਰਸਿਖੁ ਲੰਘਿ, ਗੁਰ ਪਹਿ ਜਾਈ ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ,
ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ,
ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥
ਸੇਵਕ ਕਾ ਹੋਇ ਸੇਵਕ ਵਰਤਾ,
ਕਰਿ ਕਰਿ ਬਿਨਉ ਬੁਲਾਈ ॥੧੭॥
ਨਾਨਕ ਕੀ ਬੇਨੰਤੀ ਹਰਿ ਪਹਿ,
ਗੁਰ ਮਿਲਿ ਗੁਰ ਸੁਖੁ ਪਾਈ ॥ (ਪੰਨਾ-੭੫੭)
... ... ...

ਗੁਰਸਿਖ ਦੀ ਗੁਲੀ ਅੰਮ੍ਰਿਤ ਨਾਮ ਅਭਿਆਸ ਕਮਾਈ ਹੈ ਅਤੇ ਜੁਲੀ ਸਿਫਤ ਸਲਾਹ ਦਾ ਕਪੜਾ ਹੈ :—

ਤੇ ਸੰਤ ਭਲੇ ਗੁਰਸਿਖ ਹੈ,
ਜਿਨ ਨਾਹੀ ਚਿੰਤ ਪਰਾਈ ਚੁਖਾ ॥
ਧਨੁ ਧੰਨੁ ਤਿਨਾ ਕਾ ਗੁਰੂ ਹੈ,
ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥
(ਪੰਨਾ–੫੮੮)

ਗੁਰਸਿਖੀ ਦਾ ਚਖਣਾ ਸਾਧ ਸੰਗਤਿ ਗੁਰੁ ਸਬਦ
ਵੀਚਾਰਾ ॥ (ਵਾਰ ਭਾ: ਗੁ: ੨੮–੭)

ਜਿਥੇ ਉਪਰੋਕਤ ਤਿੰਨ ਚੀਜ਼ਾਂ ਦੀ ਲੋੜ ਹੈ ਓਥੇ ਦਸਤਾਰ, ਰਫ਼ਤਾਰ ਤੇ ਗੁਫ਼ਤਾਰ ਵਿਚੋਂ ਵੀ ਨਿਪੁੰਨ ਹੋਣਾ ਮਨੁਖੀ ਸਭਾ ਵਿਚ ਮਾਣ ਤੇ ਸਤਿਕਾਰ ਦੀ



www.AKJ.Org

ਨਿਸ਼ਾਨੀ ਹੈ। ਸੋ ਸਿਖ ਦੀਆਂ ਇਹ ਚੀਜ਼ਾਂ ਦੀ ਸੰਸਾਰ ਵਿਚ ਮਨੁਖੀ ਜੀਵਨ ਦੀ ਸੋਝੀ ਲਈ ਚਾਨਣ ਮੁਨਾਰਾ ਹਨ।

## ਗੁਰਸਿਖ ਦੀ ਦਸਤਾਰ

ਹਉ ਗੋਸਾਈ ਦਾ ਪਹਿਲਵਾਨੜਾ।
ਮੈ ਗੁਰ ਮਿਲਿ ਉਚ ਦੁਮਾਲੜਾ।
(ਪੰਨਾ ੭੪)

ਪਹਿਰ ਸਿਰਪਾਉ ਸੇਵਕ ਜਨ ਮੇਲੇ
ਨਾਨਕ ਪ੍ਰਗਟ ਪਹਾਰੇ। (ਪੰਨਾ ੬੩੧)

## ਗੁਰਸਿਖ ਦੀ ਰਫ਼ਤਾਰ

ਗੁਰਸਿਖੀ ਦਾ ਚਲਣਾ ਚਲੈ ਭੈ ਵਿਚ ਲੀਤੇ ਭੇਖੇ।
(ਭਾ: ਗੁ: ਵਾਰ ੧੮-੬)

ਮਸਕੀਨੀ ਵਿਚ ਵਤ, ਚਾਲ ਨਿਰਾਲੀਐ॥
(ਭਾ: ਗੁ: ਵਾਰ ੩-੮)

ਪੈਰੀਂ ਪੈ ਗੁਰੂਸਿਖ ਪੈਰ ਧੁਆਇਆ॥
ਅੰਮ੍ਰਿਤ ਬਾਣੀ ਚਖ ਮਨ ਵਸ ਆਇਆ॥
ਪਾਣੀ ਪੱਖਾ ਪੀਹ ਭੱਠ ਝੁਕਾਇਆ॥
ਗੁਰਬਾਣੀ ਸੁਣ ਸਿਖ ਲਿਖ ਲਿਖਾਇਆ॥
ਨਾਮ ਦਾਨ ਇਸਨਾਨ ਕਰਮ ਕਮਾਇਆ॥
ਨਿਵ ਚਲਣ ਮਿਠਾ ਬੋਲ ਘਾਲ ਖਵਾਇਆ॥
(ਭਾ: ਗੁ: ਵਾਰ ੨੦-੬)

## ਗੁਰਸਿਖ ਦੀ ਗੁਫ਼ਤਾਰ

ਗੁਰਸਿਖ ਦਾ ਬੋਲਣਾ, ਹੋਇ ਮਿਠ ਬੋਲਾ
ਲਿਖੈ ਨ ਲੇਖੈ॥ (ਭਾ: ਗੁ: ਵਾਰ ੨੮-੬)

ਗੁਰਸਿਖ ਮਿਠਾ ਬੋਲਣਾ, ਨਿਵ ਚਲਣ
ਗੁਰਸਿਖ ਪਰਵਾਣਾ।
(ਭਾ: ਗੁ: ਵਾਰ ੩੨ ਪਉੜੀ ੧)

ਗੁਰਮੁਖ ਮਿਠਾ ਬੋਲਣਾ ਜੋ ਬੋਲੈ ਸੋਈ ਜਪ ਜਾਪੈ।
(ਭਾ: ਗੁ. ਵਾਰ ੬-੧੮)

ਗੁਰ ਪਰਚੈ ਗੁਰ ਜਾਨੀਐ
ਗਯਾਨ ਧਯਾਨ ਸਿਮਰਨ ਗੁਰਬਾਣੀ।
(ਭਾ: ਗੁ: ਵਾਰ ੨੪-੨੨)

ਗੁਰਸਿਖ ਗਾਡੀ ਰਾਹ ਤੇ ਚਲਦਾ ਹੈ। ਆਪਣੇ ਗੁਰੂ ਨੂੰ ਪਿੱਠ ਦੇ ਕੇ ਹੋਰਨਾਂ ਦੀ ਝਾਕ ਨਹੀਂ ਰਖਦਾ। ਗੁਰਸਿਖ ਦੇ ਜੀਵਨ ਦੇ ਹੋਰ ਅਨੇਕਾਂ ਅੰਗ ਹਨ ਜਿਨ੍ਹਾਂ ਦੀ ਵਿਆਖਿਆ ਬੜੀ ਲੰਬੀ ਹੈ। ਸੰਖੇਪ ਸ਼ਬਦਾਂ ਵਿਚ ਗੁਰਸਿਖ ਕੌਣ ਹੈ? ਇਸ ਦੀ ਵਿਆਖਿਆ ਇਉਂ ਹੈ:—

ਜਿਵੇਂ ਇਕ ਮੁਸਲਮਾਨ ਓਦੋਂ ਤਕ ਮੁਸਲਮਾਨ ਹੋਣ ਦਾ ਦਾਹਵਾ ਕਰ ਸਕਦਾ ਹੈ ਜਦੋਂ ਤਕ ਉਹ ਆਪਣੇ ਪੈਗ਼ੰਬਰ (ਮੁਹੰਮਦ ਸਾਹਿਬ) ਦੀ ਸਿਖਿਆ ਅਨੁਸਾਰ ਕੁਰਾਨ ਸ਼ਰੀਫ਼ ਨੂੰ ਮੰਨਦਾ ਹੈ ਤੇ ਮੁਸਲਮਾਨੀ ਸ਼ਰ੍ਹਾ ਦਾ ਮਾਣ ਸਤਿਕਾਰ ਕਰਦਾ ਹੈ। ਇਕ ਈਸਾਈ ਨੂੰ ਓਦੋਂ ਤਕ ਪੱਕਾ ਈਸਾਈ ਮੰਨਿਆ ਜਾਂਦਾ ਹੈ ਜਦੋਂ ਤਕ ਓਹ ਹਜ਼ਰਤ ਈਸਾ ਜੀ ਨੂੰ ਆਪਣਾ ਗੁਰੂ ਮੰਨਦਾ ਹੈ ਤੇ ਬਾਈਬਲ ਦੀ ਸਿਖਿਆ ਤੇ ਅਮਲ ਕਰਦਾ ਹੈ। ਤਿਵੇਂ ਇਕ ਸਿਖ ਨੂੰ ਗੁਰਸਿਖ ਦੀ ਪਦਵੀ ਓਦੋਂ ਮਿਲਦੀ ਹੈ ਜਦੋਂ ਓਹ ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਦਸਾਂ ਗੁਰਾਂ ਦੇ ਪਵਿਤਰ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਦਾ ਹੈ ਅਤੇ ਪੰਜਾਂ ਪਿਆਰਿਆਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰਮਤਿ ਮਰਯਾਦਾ ਅਨੁਸਾਰ ਖੰਡੇ ਦਾ ਅੰਮ੍ਰਿਤ ਛਕ ਕੇ ਗੁਰਦੇਵ ਜੀ ਦੇ ਦ੍ਰਿੜਾਏ ਹੋਏ ਨਾਮ ਤੇ ਰਹਿਤ ਨੂੰ ਪਲੇ ਬੰਨ੍ਹ ਕੇ ਆਪਣਾ ਜੀਵਨ ਬਤੀਤ ਕਰਦਾ ਹੈ। ਭਾਈ ਸਾਹਿਬ ਜੀ ਨੇ ਗੁਰਸਿਖਾਂ ਦੇ ਗੁਣ ਤੇ ਸੁਭਾਵ ਨੂੰ ਹੇਠ ਲਿਖੀ ਪਉੜੀ ਵਿਚ ਇਉਂ ਪ੍ਰਗਟ ਕਰ ਦਿਤਾ ਹੈ:

ਲੀਹਾਂ ਅੰਦਰ ਚਲੀਐ ਜਿਉ ਗਾਡੀ ਰਾਹੁ।
ਹੁਕਮਿ ਰਜਾਈ ਚਲਣਾ ਸਾਧ ਸੰਗਿ ਨਿਬਾਹੁ।
ਜਿਉਂ ਧਨ ਸੋਘਾ ਰਖਦਾ ਘਰਿ ਅੰਦਰਿ ਸਾਹੁ।
ਜਿਉਂ ਮਿਰਯਾਦ ਨ ਛਡਈ ਸਾਇਰ ਅਸਗਾਹੁ।



www.AKJ.Org

ਲਤਾਂ ਹੇਠ ਲਤਾੜੀਐ ਅਜਰਾਵਰ ਘਾਹੁ ।
ਧਰਮਸਾਲ ਹੈ ਮਾਨਸਰ ਹੰਸ ਗੁਰਸਿਖ ਵਾਹੁ ।
ਰਤਨ ਪਦਾਰਥ ਗੁਰ ਸ਼ਬਦ ਕਰ ਕੀਰਤਨ ਖਾਹੁ ।
(ਵਾਰ ੯ਵੀਂ ਪਉੜੀ ੧੪)

ਸਿਖ ਪੰਥ, ਬਨਾਵਟੀ ਪੰਥ ਨਹੀਂ ਹੈ, ਅਕਾਲ-ਪੁਰਖ ਦਾ ਸਾਜਿਆ ਹੈ, ਅਤੇ ਸਿਖ ਕਿਸੇ ਦੇਹਧਾਰੀ ਗੁਰੂ ਦਾ ਪੁਜਾਰੀ ਨਹੀਂ, ਕੇਵਲ ਅਕਾਲ ਪੁਰਖ ਦਾ ਪੂਜਕ ਹੈ। ਇਸ ਲਈ ਆਤਮ ਤਤ-ਦਰਸੀ ਹੈ। ਅਜਿਹੇ ਗੁਰਸਿਖ ਲਈ ਹੀ ਗੁਰਦੇਵ ਜੀ ਨੇ ਬਚਨ ਉਚਾਰੇ ਹਨ :—

ਜੋ ਦੀਸੈ ਗੁਰਸਿਖੜਾ
ਤਿਸ ਨਿਵ ਨਿਵ ਲਾਗਉ ਪਾਇ ਜੀਉ ।
ਆਖਾ ਬਿਰਥਾ ਜੀਅ ਕੀ
ਗੁਰੁ ਸਜਣੁ ਦੇਹਿ ਮਿਲਾਇ ਜੀਉ ।

ਵਾਹੁ ! ਵਾਹੁ ! ਧੰਨ ਗੁਰੂ ਦੀ ਸਿਖੀ ਤੇ ਧੰਨ ਗੁਰੂ ਦਾ ਸਿਖ, ਸਿਖੀ ਨੂੰ ਕਮਾਉਣ ਵਾਲਾ । ਸਚੇ ਪਾਤਸ਼ਾਹ ਮਿਹਰ ਕਰੋ ਦਾਸ ਨੂੰ ਵੀ ਇਹ ਪਵਿਤਰ ਦਾਤ ਬਖਸ਼ੀ ਰਖੋ ।

ਗੁਰਸਿਖਾ ਕੀ ਹਰਿ ਧੂੜ ਦੇਹਿ
ਹਮ ਪਾਪੀ ਭੀ ਗਤਿ ਪਾਹਿ । (ਪੰਨਾ ੧੪੨੪)

ਨਖ ਸਿਸ ਲਉ ਸਗਲ ਅੰਗ ਰੋਮ ਰੋਮ ਕਰਿ
ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ ।
ਅਗਨ ਜਲਾਇ ਫੁਨਿ ਪੀਸਨ ਪੀਸਾਇ ਤਾਹਿ
ਲੈ ਉਡੈ ਪਵਨ ਹੋਇ ਅਨਿਕ ਪ੍ਰਕਾਰੀਐ ।
ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ
ਤਾਹੂ ਤਾਹੂ ਮਾਰਗ ਮਹਿ ਭਸਮ ਕੋ ਡਾਰੀਐ ।
ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ
ਦਯਾ ਕੈ ਦਯਾਲ ਮੋਹਿ ਪਤਿਤ ਉਧਾਰੀਐ ।
(ਕਬਿਤ ਭਾ: ਗੁ: ੬੭੨)

———


ਸਦਾ ਯਾਦ ਰਖੋ !

**ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ**

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖ਼ਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਉ ਤੇ ਲਾਭ ਉਠਾਉ ।

**ਰਵੇਲ ਇਲੈਕਟ੍ਰਿਕ ਵਰਕਸ**

ਚੌਕ ਰਾਘੋਮਾਜਰਾ, ਪਟਿਆਲਾ ।

*Authorised Stockists :*

*ESS ESS Kay Products, GNE Products, Steel grip P.V.C. Tape, Hicco cables, National Conduit Pipes.*

*Specialist in :*

*House wiring & Motor Fitting.*
*Large Sale & Less Profit is our Motto.*


www.AKJ.Org

# ਅੰਮ੍ਰਿਤ ਦੀ ਮਹੱਤਤਾ

ਵਲੋਂ :

ਗਿਆਨੀ ਜਸਮੇਰ ਸਿੰਘ ਜੀ 'ਪਾਲ

ਜਿਸ ਅੰਮ੍ਰਿਤ ਨੂੰ, ਆਬੇ ਹਿਆਤ ਨੂੰ ਸ਼ਾਹ ਸਿਕੰਦਰ ਵੀ ਨਾ ਭਾਲ ਸਕਿਆ, ਸੁਰ ਨਰ ਮੁਨ ਜਨ ਵੀ ਨਾ ਪਾ ਸਕੇ, ਉਹ ਅੰਮ੍ਰਿਤ, ਅੰਮ੍ਰਿਤ ਦੇ ਦਾਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨੂੰ ਦਿਤਾ। ਅਸੀਂ ਹੇਠਾਂ ਕੁਝ ਕੁ ਸੁਰਖੀਆਂ ਹੇਠ ਅੰਮ੍ਰਿਤ ਦੀ ਮਹਤਤਾ ਦਸਦੇ ਹਾਂ—

੧. ਗੁਰੂ ਜੀ ਦੇ ਅੰਮ੍ਰਿਤ ਛਕਾਉਣ ਦੇ ਨਾਲ ਸਭ ਜਾਤੀਆਂ, ਛੋਟੀਆਂ ਵਡੀਆਂ ਨੂੰ ਖਾਲਸੇ ਦਾ ਨਾਂ ਦਿਤਾ ਗਿਆ।

੨. ਅਮਲੀ ਤੌਰ ਤੇ ਕਿਸੇ ਵੀ ਧਾਰਮਕ ਆਗੂ ਨੇ ਇਕੋ ਬਾਟੇ ਵਿਚ ਗੁਰੂ ਜੀ ਵਾਂਗ ਸਮੁਚੀ ਮਨੁਖਤਾ ਦੀ ਸਰਬ ਸਾਂਝ ਨਹੀਂ ਬਣਾਈ। ਇਹ ਤਾਂ ਹਰ ਧਰਮ ਤੇ ਕੌਮ ਦੇ ਆਗੂ ਆਖਦੇ ਗਏ ਸਭ ਇਕ ਹਨ, ਕੋਈ ਛੋਟਾ ਵਡਾ ਨਹੀਂ, ਕੋਈ ਉਚ ਨੀਚ ਨਹੀਂ, ਪਰੰਤੂ ਕਿਸੇ ਨੇ ਵੀ ਧਰਮ ਦੀ ਕੋਈ ਅਜੇਹੀ ਸਰਬ ਸਾਂਝ ਪੈਦਾ ਕਰਨ ਲਈ ਰਸਮ ਪੈਦਾ ਨਹੀਂ ਕੀਤੀ ਤੇ ਨਾ ਹੀ ਗੁਰੂ ਜੀ ਵਾਂਗ ਉਸ ਨੂੰ ਅਮਲ ਵਿਚ ਲਿਆ ਕੇ ਜਾਤ ਪਾਤ ਨੂੰ ਤੋੜਿਆ।

੩. ਪ੍ਰੋਫੈਸਰ ਕਰਤਾਰ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਦਾ ਅੰਮ੍ਰਿਤ ਛਕਣ ਵਾਲੇ ਸ਼ੂਦਰ ਵੀ ਆਪਣੇ ਆਪ ਨੂੰ ਬਹਾਦਰ ਰਾਜਪੂਤਾਂ ਦੇ ਮੁਕਾਬਲੇ ਦਾ ਜਮਝਦੇ ਸਨ ਤੇ ਉਹਨਾਂ ਵਿਚ ਸਵੈਮਾਨ ਤੇ ਗੈਰਤ ਪੈਦਾ ਹੋ ਗਈ।

੪. ਅੰਮ੍ਰਿਤ ਦੁਆਰਾ 'ਏਕ ਪਿਤਾ ਏਕਸ ਕੇ ਹਮ ਬਾਰਿਕ' ਮਾਨੁਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਨੂੰ ਗੁਰੂ ਜੀ ਨੇ ਸਾਮਰਤਖ ਪਰਤਖ ਕਰ ਵਿਖਾਇਆ।

੫. ਜਿਨਾਂ ਅੰਮ੍ਰਿਤ ਪੀਤਾ ਅਮਰ ਹੋ ਗਏ। ਅੰਮ੍ਰਿਤ ਦੁਆਰਾ ਸਾਡਾ ਨਵਾਂ ਜਨਮ ਹੋਇਆ। ਅਸੀਂ ਇਕੋ ਮਾਤਾ ਸਾਹਿਬ ਕੌਰ ਦੇ ਤੇ ਇਕੋ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪੁਤਰ ਬਣੇ। ਸਿਖ ਭਾਈਚਾਰਾ ਸਿਰਜਿਆ ਗਿਆ। ਮਾਤਾ ਸਾਹਿਬ ਕੌਰ ਦੀ ਮਿਠੜੀ ਝੋਲ ਵਿਚ ਖਾਲਸਾ ਪਿਆ।

੬. ਅੰਮ੍ਰਿਤ ਦੁਆਰਾ ਪੰਜਾਬੀਆਂ ਵਿਚ ਖੇੜਾ ਵਿਗਸਿਆ ਖਾਲਸੇ ਨੂੰ ਖੇੜੇ ਦਾ ਰੰਗ ਚੜ੍ਹਿਆ ਸਾਰਾ ਖਾਲਸਾ ਪੰਥ ਅਨੰਦ ਸਰੂਪ, ਅਨੰਦਪੁਰ ਦਾ ਵਾਸੀ ਬਣਿਆ।

੭. ਅੰਮ੍ਰਿਤ ਦੁਆਰਾ ਖਾਲਸੇ ਦੀ ਰਹਿਤ ਬਹਿਤ ਨਿਸਚਿਤ ਹੋਈ। ਖਾਲਸਾ ਆਪਣੇ ਸਿਖਰ ਤੇ ਪੁਜਾ। ਖਾਲਸੇ ਤੇ ਸਮੁਚੇ ਫਰਜ਼ ਦੁਨੀਆਂ ਦੇ ਸਾਹਮਣੇ ਆਏ। ਕਨਿੰਘਮ ਲਿਖਦਾ ਹੈ ਗੁਰੂ ਜੀ ਦੀ ਰਹਿਤ ਤਿਨਾਂ ਕਾਲਾਂ ਲਈ ਬਣਾਈ ਗਈ ਹੈ। ਗੁਰੂ ਜੀ ਦੀ ਰਹਿਤ ਬਹਿਤ ਦਿਲ ਤੇ ਦਿਮਾਗ ਦੋਵਾਂ ਦੀ ਤਸੱਲੀ ਕਰਦੀ ਹੈ। ਕਿਸੇ ਠੀਕ ਕਿਹਾ ਹੈ:—

ਪੰਡਤ ਨਾ ਪੜ੍ਹੇ ਬਿਨਾ ਸਿੰਘ ਕੱਛ ਕੜੇ ਬਿਨਾ ਸੋਭਾ ਨਾ ਪਾਂਵਦਾ।'

੮. ਅੰਮ੍ਰਿਤ ਦੁਆਰਾ ਹਿੰਦੁਸਤਾਨੀਆਂ ਦੀ ਕਿਸਮਤ ਜਾਗੀ। ਸਾਰੇ ਦੇਸ਼ ਵਾਸੀ ਆਪਣੇ ਸਾਂਝੇ ਧਰਮ ਖੇਤਰ ਨੂੰ ਬਚਾਉਣ ਤੇ ਤੁਲ ਗਏ। ਸਭੇ ਅਕਾਲ ਪੁਰਖ ਦੇ ਝੰਡੇ ਹੇਠ ਆਏ।

੯. ਅੰਮ੍ਰਿਤ ਦੁਆਰਾ ਖਾਲਸੇ ਵਿਚ ਬਹਾਰਾਂ ਜਾਗੀਆਂ ਅਨਾਥ ਗੁਟਾਰਾਂ ਬਾਜ਼ਾਂ, ਜਰਵਾਣਿਆਂ ਦੇ ਪੰਜਿਆਂ ਵਿਚ ਨੱਪੀਆਂ ਹੋਈਆਂ ਫੜਫੜਾ ਉਠੀਆਂ।



www.AKJ.Org

੧੦. ਖੰਡੇ ਦਾ ਅੰਮ੍ਰਿਤ ਛਕ ਕੇ ਮਾਝਾ, ਮਾਲਵਾ ਇਨਕਲਾਬੀ ਰੂਪ ਧਾਰ ਗਿਆ। ਪੈਨੇ ਹਿਸਟੋਰੀਅਲ ਲਿਖਦਾ ਹੈ ਪੰਜਾਬ ਦੇ ਜੱਟ ਨਾ ਕਲਚਰਲ ਸਨ, ਨਾ ਸਭਯ। ਸੋ ਗੁਰੂ ਜੀ ਨੇ ਉਹਨਾਂ ਨੂੰ ਸ਼ਸਤਰਧਾਰੀ ਬਨਾਉਣ ਦੀ ਧਾਰ ਲਈ। ਹਜ਼ਾਰਾਂ ਜੱਟ ਸਿੰਘ ਬਣੇ, ਅੰਮ੍ਰਿਤ ਛਕਿਆ। ਮੁਗ਼ਲ ਸਾਮਰਾਜ ਦੀ ਤਬਾਹੀ ਦਾ ਕਾਰਨ ਬਣੇ।

੧੧. ਗੁਰਦਾਸ ਸਿੰਘ ਜੀ ਖਾਲਸੇ ਦੀ ਵਾਰ ਵਿਚ ਲਿਖਦੇ ਹਨ, ਦਸਵੇਂ ਗੁਰੂ ਜੀ ਨੇ ਅਲਖ ਨਿਰੰਜਨ ਨੂੰ ਜਪਿਆ, ਦੁਸ਼ਟਾਂ ਨੂੰ ਦਲ ਕੇ ਤੀਸਰਾ ਪੰਥ ਮਰਦ ਅਗੰਮੜੇ ਨੇ ਚਲਾਇਆ। ਅਕਾਲ ਤੋਂ ਥਾਪੜਾ ਲੈ ਕੇ ਅਸੁਰ ਦੈਂਤ ਮੁਗ਼ਲ ਪਠਾਣਾਂ ਨੂੰ ਸੋਧਿਆ। ਨੀਲੰਬਰ ਧਾਰਾ ਸਿੰਘ ਅਕਾਲੀਏ ਗਜੇ, ਹਿੰਦੂ ਮੁਸਲਮਾਨ ਤੋਂ ਨਿਆਰਾ ਪੰਥ ਚਲਾਇਆ।

੧੨. ਸੱਚਾ ਤਖਤ ਰਚਾ ਕੇ ਆਪੇ ਗੁਰੂ ਬਣਿਆ ਆਪੇ ਚੇਲਾ। ਕੇਹੀ ਸੋਹਣੀ ਤਸਵੀਰ ਖਿੱਚੀ ਹੈ:–

ਉਹ ਗੁਰ ਗੋਬਿੰਦ ਹੋਇ ਪਰਗਟਿਆ,
ਦਸਵੇਂ ਅਵਤਾਰਾ।
ਜਿਨ ਅਲਖ ਅਕਾਲ ਨਿਰੰਜਨਾ
ਜਪਿਓ ਕਰਤਾਰਾ।
ਜਿਨ ਪੰਥ ਚਲਾਇਓ ਖਾਲਸਾ
ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਗਹਿ ਖੜਗ ਕੋ
ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਿਰਿ
ਪਕੜਿਓ ਹਥੀਆਰਾ।
ਸਚ ਫਤੇ ਬੁਲਾਈ ਗੁਰੂ ਕੀ
ਜੀਤਿਓ ਰਣ ਭਾਰਾ।
ਸਭ ਦੈਤ ਅਰਿਨਿ ਕੋ ਘੇਰ ਕਰਿ
ਕੀਓ ਪਹਿਹਾਰਾ।
ਜਬ ਸਹਜਿਓ ਪ੍ਰਗਟਿਓ ਜਗਤ ਮੈਂ
ਗੁਰੁ ਜਾਪ ਅਪਾਰਾ।
... ... ...
ਹਰਿ ਸਚੇ ਤਖਤ ਰਚਾਇਆ ਸਤ ਸੰਗਤ ਮੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

੧੩. ੧੬੯੯ ਈਸਵੀ ਦੀ ਵਿਸਾਖੀ ਨੂੰ ਅੰਮ੍ਰਿਤ ਤਿਆਰ ਕਰਕੇ ਗੁਰੂ ਜੀ ਨੇ 'ਰਾਜ ਕਰੇਗਾ ਖਾਲਸਾ' ਦਾ ਨਾਅਰਾ ਲਾਇਆ। ਠੀਕ ਹੀ ਸੌ ਸਾਲ ਬਾਅਦ ਜਾ ੧੭੯੯ ਈ: ਵਿਚ ਖਾਲਸੇ ਨੇ ਲਾਹੌਰ ਦਾ ਤਖਤ ਸਾਂਭ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ ਸਿਖ ਰਾਜ ਦੀ ਸਥਾਪਤੀ ਕਰ ਵਿਖਾਈ। ਗੁਰੂ ਜੀ ਦਾ ਨਾਅਰਾ 'ਰਾਜ ਕਰੇਗਾ ਖਾਲਸਾ' ਠੀਕ ਹੀ ਸੌ ਸਾਲ ਮਗਰੋਂ ਜਾ ਕੇ ਸੱਚਾ ਸਾਬਤ ਹੋਇਆ।

੧੪. ਖੰਡੇ ਦੇ ਅੰਮ੍ਰਿਤ ਦੁਆਰਾ ਗੁਰੂ ਜੀ ਨੇ ਬੰਦਾ ਬੈਰਾਗੀ ਦੀ ਕਾਇਆ ਪਲਟ ਦਿਤੀ। ਬੈਰਾਗੀ ਸਾਧੂ ਤੋਂ ਬੰਦਾ ਸਿੰਘ ਬਹਾਦਰ ਸਿਖ ਫੌਜਾਂ ਦਾ ਜਰਨੈਲ ਬਣਿਆ ਜਿਸ ਨੇ ਸਰਹੰਦ ਦੇ ਗੜ੍ਹ ਨੂੰ ਢਾਹ ਕੇ ਖਾਈਆਂ ਵਿਚ ਸਿਟ ਦਿਤਾ।

੧੫. ਜਦੋਂ ਅੰਮ੍ਰਿਤ ਦੇ ਬਾਟੇ ਵਿਚ ਇਨਕਲਾਬੀ ਗੁਰੂ ਦਾ ਫੌਲਾਦੀ ਖੰਡਾ ਫਿਰਿਆ, ਜਰਵਾਣੀ ਮੌਤ ਦਾ ਕਲੇਜਾ ਕੰਬ ਗਿਆ। ਜਿਸ ਨੇ ਪੰਜ ਘੁਟ ਪੀਤੇ ਲਾੜੀ ਮੌਤ ਨੂੰ ਵਿਆਹ ਲਿਆ।

੧੬. ਅੰਮ੍ਰਿਤ ਦੁਆਰਾ ਦੇਸ਼ ਦੇ ਹਿੰਦੂ ਜੋ ਆਪਣੀ ਅਣਖ ਤੇ ਗੈਰਤ ਖੋ ਚੁਕੇ ਸਨ, ਧੜਾ ਧੜ ਸਿੰਘ ਬਣ ਕੇ ਇਨਕਲਾਬੀ ਰੂਪ ਧਾਰ ਗਏ। ਤਕੜੀਆਂ ਤੋਲਣ ਵਾਲਿਆਂ ਨੇ ਤਲਵਾਰਾਂ ਤੇ ਬਰਛਿਆਂ ਨੂੰ ਹੱਥ ਪਾ ਲਿਆ।

੧੭. ਗੁਰੂ ਜੀ ਦਾ ਅੰਮ੍ਰਿਤ ਤਿਆਰ ਕਰਨਾ ਮੁਗ਼ਲ ਰਾਜ ਤੋਂ ਖੁਲ੍ਹਮ ਖੁਲ੍ਹੀ ਬਗਾਵਤ ਸੀ! ਜੋ ਕੁਝ ਮੁਗ਼ਲ ਸਾਮਰਾਜ ਵਲੋਂ ਮਨ੍ਹਾਂ ਕੀਤਾ ਗਿਆ ਸੀ (ਜਿਵੇਂ ਕਿ ਘੋੜ ਸੁਆਰੀ, ਸ਼ਸਤਰ ਬਸਤਰ ਪਹਿਨਣੇ ਤੇ ਮੁਛਾਂ ਰਖਣੀਆਂ ਆਦਿ) ਉਹੋ ਗੁਰੂ ਜੀ ਨੇ ਆਪਣੇ ਧਰਮ ਵਿਚ ਰਹਿਤਾਂ ਵਿਚ ਲਿਆ ਕੇ ਪਰਚਲਿਤ ਕਰ ਦਿਤਾ।

੧੮. ਅੰਮ੍ਰਿਤ ਦੀ ਸਾਮਰਤਖ ਕਰਾਮਾਤ



www.AKJ.Org

ਜੀਵਨ ਪੱਧਰ ਨੂੰ ਉਚਾ ਚੁਕਣਾ ਬਣੀ ਰਹੀ।

੧੯. ਅੰਮ੍ਰਿਤ ਦੁਆਰਾ ਪੰਜਾਬੀ ਇਨਕਲਾਬੀ ਰੂਪ ਧਾਰ ਗਏ, ਪੰਜਾਬੀਆਂ ਨੇ ਆਪਣੀ ਆਜ਼ਾਦੀ ਲਈ ਹਥ ਪੈਰ ਮਾਰਨੇ ਆਰੰਭ ਕਰ ਦਿਤੇ ਜਿਸ ਤੋਂ ਮੁਗਲ ਰਾਜ ਨੂੰ ਧੱਕਾ ਲਗਾ । ਜਾਂ ਇਉਂ ਆਖ ਲਵੋ ਅੰਮ੍ਰਿਤ ਦੁਆਰਾ ਗੁਰੂ ਜੀ ਨੇ ਪੰਜਾਬੀਆਂ ਨੂੰ ਜਿਉਂਦੀ ਜਾਗਦੀ ਆਜ਼ਾਦੀ ਖਰੀਦ ਕੇ ਦਿਤੀ।

੨੦. ਅੰਮ੍ਰਿਤਧਾਰੀਆਂ ਨੇ ਇਕੋ ਟੀਚਾ ਸਾਹਮਣੇ ਰਖਿਆ।

ਸਿਰ ਜਾਵੇ ਤਾਂ ਜਾਵੇ
ਸਾਡਾ ਸਿੱਖੀ ਸਿਦਕ ਨਾ ਜਾਵੇ ।

ਨਾ ਡਰ ਖਾਓ ਨਾ ਦਿਉ—

ਭੈ ਕਾਹੂ ਕੋ ਦੇਤਿ ਨਹਿ
ਨਹਿ ਭੈ ਮਾਨਤ ਆਨਿ।

ਅੰਮ੍ਰਿਤਧਾਰੀ ਨਾ ਡਰਨ ਵਾਲੇ ਹੋਏ ਨਾ ਡਰਾਣ ਵਾਲੇ।

੨੧. ਅੰਮ੍ਰਿਤ ਦੁਆਰਾ ਫ਼ੋਕਟ ਸੰਪਰਦਾਵਾਂ ਪਖੰਡਾਂ, ਭੇਖਾਂ ਦਾ ਗੁਰੂ ਜੀ ਨੇ ਖਾਤਮਾ ਕੀਤਾ। ਗੁਰੂ ਜੀ ਨੇ ਦੇਸ਼ ਵਾਸੀਆਂ ਨੂੰ ਦੋ ਪਰਕਾਰ ਦੀ ਜ਼ਿੰਦਗੀ ਜਿਊਣ ਤੋਂ ਰੋਕਿਆ। ਗੁਰੂ ਨਾਨਕ ਸਾਹਿਬ ਜੀ ਦੇ ਆਦਰਸ਼ ਨੂੰ ਸਾਹਮਣੇ ਰਖਿਆ। ਹਿੰਦੂਆਂ ਨੂੰ 'ਅੰਦਰ ਪੂਜਾ' ਤੇ 'ਬਾਹਰ ਕਤੇਬਾਂ' ਪੜਨ ਤੋਂ ਰੋਕਿਆ। ਅੰਦਰੋਂ ਬਾਹਰੋਂ ਇਕ ਹੋ ਜਾਓ।

੨੨. ਅੰਮ੍ਰਿਤਧਾਰੀਆਂ ਨੇ ਸਿਰਾਂ ਦੀ ਬਾਜ਼ੀ ਲਾ ਕੇ ਅਣਖ ਤੇ ਅਜ਼ਾਦੀ ਖਰੀਦੀ। ਸ਼ਾਹ ਮੁਹੰਮਦ (ਪੰਜਾਬ ਦੇ ਕੌਮੀ ਸ਼ਾਇਰ) ਨੇ ਸਿਖ ਰਾਜ ਦੇ ਢਲਦੇ ਪਰਛਾਵੇਂ ਵਲ ਇਸ਼ਾਰਾ ਕਰਕੇ ਸਿੰਘ ਦੀ ਦ੍ਰਿੜਤਾ ਬਾਰੇ ਲਿਖਿਆ ਹੈ:—

ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ
ਨਹੀਂ ਮੋੜਦੇ ਸੂਰਮੇ ਅੰਗ ਮੀਆਂ।

੨੩. ਜੇਕਰ ਅੰਮ੍ਰਿਤ ਫਤਹ ਤੇ ਜ਼ੋਰਾਵਰ ਨੇ ਛਕਿਆ ਤਾਂ ਸਰਹਿੰਦ ਦੀ ਖੂਨੀ ਦੀਵਾਰ ਵਿਚ ਸਿਰ ਦੇ ਦਿਤੇ ਤੇ ਸਮੇਂ ਦੇ ਜ਼ਾਲਮ ਨਵਾਬ ਵਜ਼ੀਦ ਖਾਨ ਨੂੰ ਲਲਕਾਰ ਕੇ ਆਖ ਗਏ—

'ਸਰ ਤੋ ਕਿਆ ਸਰ ਕਾ ਏਕ ਵਾਲ ਭੀ ਝੁਕ ਨਹੀਂ ਸਕਤਾ,

ਜੇਕਰ ਇਹੋ ਅੰਮ੍ਰਿਤ ਅਜੀਤ ਨੇ ਛਕਿਆ ਤਾਂ ਚਮਕੌਰ ਦੀ ਰਣ ਭੂਮੀ ਵਿਚ ਮੁਗਲ ਸ਼ਾਹੀ ਨੂੰ ਲਲਕਾਰ ਕੇ ਆਖਿਆ—

ਨਾਮ ਕਾ ਅਜੀਤ ਹੂੰ ਜੀਤਾ ਨ ਜਾਊਂਗਾ।
ਜੀਤਾ ਤੋਂ ਫੇਰ ਮੁੜ ਕੇ ਜੀਤਾ ਨ ਆਊਂਗਾ।

ਜੇਕਰ ਭਾਈ ਮਨੀ ਸਿੰਘ ਨੇ ਪੀਤਾ ਬੰਦ ਬੰਦ ਕਟਵਾ ਲਏ, ਜ਼ਿਕਰੀਆ ਖਾਨ ਸੂਬਾ ਲਾਹੌਰ ਦੀ ਈਨ ਨ ਮੰਨੀ। ਜੇਕਰ ਤਾਰੂ ਸਿੰਘ ਨੇ ਅੰਮ੍ਰਿਤ ਬਾਟੇ 'ਚੋਂ ਘੁਟ ਭਰ ਲਏ ਤਾਂ ਸਿਰੋਂ ਖੋਪਰ ਲੁਹਾ ਕੇ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਬਾਹਿਆ। ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਨੇ ਮੌਤ ਨੂੰ ਸਾਹਮਣੇ ਵੇਖ ਚਰਖੜੀ ਤੇ ਸਰੀਰ ਤੂੰਬਾ ਤੂੰਬਾ ਕਰਵਾ ਲਏ। ਅੰਮ੍ਰਿਤ ਨੂੰ ਛਕ ਕੇ ਸਫਲਾ ਕਰ ਵਿਖਾਇਆ, ਠੀਕ ਹੀ ਅੰਮ੍ਰਿਤ ਦਾ ਮੁਲ ਦਿਤਾ। ਠੀਕ ਹੀ ਚਮਕੌਰ ਦੇ ਮੈਦਾਨ ਵਿਚ ਖਾਲਸੇ ਦੀ ਪਰਖ ਹੋਈ। ਅੰਮ੍ਰਿਤਧਾਰੀ ਦਾਗੇ ਹੋਏ ਵਰਿਆਮ ਰਣ ਵਿਚ ਜੂਝੇ। ਮੁਠੀ ਭਰ ਚਾਲੀ ਸਿੰਘਾਂ ਨੇ ਵੈਰੀ ਦੀ ਦਸ ਲਖ ਕਮਮਤੋੜ ਹਮਲਾਵਰਾਂ ਦੀ ਫੌਜ ਨੂੰ ਅਠ ਪਹਿਰ ਤੀਕ ਵਖਤ ਪਾਈ ਰਖਿਆ। ਗੜ੍ਹੀ ਨੂੰ ਸਰ ਨਾ ਹੋਣ ਦਿਤਾ। ਦੁਨੀਆਂ ਦੇ ਇਤਿਹਾਸ ਵਿਚ ਚਮਕੌਰ ਦੇ ਸਮਾਨ ਕੋਈ ਸਾਕਾ ਨਹੀਂ ਅੰਮ੍ਰਿਤਧਾਰੀ ਸਿੰਘਾਂ ਨੇ ਮੁਗਲ ਸ਼ਾਹੀ ਤੇ ਪਹਾੜੀ ਰਾਜਿਆਂ ਨਾਲ ਅਜੇਹਾ ਲੋਹਾ ਲਿਆ ਕਿ ਵੈਰੀ ਅਸ਼ ਅਸ਼ ਕਰ ਉਠੇ ਪਰੰਤੂ ਐਨੇ ਘਟ ਗਿਣਤੀ ਵਿਚ ਸਿੰਘਾਂ ਦੇ ਹੁੰਦਿਆਂ ਵੀ ਵੈਰੀ ਫੌਜ ਗੁਰੂ ਜੀ ਨੂੰ ਕਾਬੂ ਨਾ ਕਰ ਸਕੀ। ਦੁਨੀਆਂ ਦੇ ਇਤਿਹਾਸ ਨੂੰ ਫਰੋਲੋ ਚਮਕੌਰ ਦੀ ਮਿਸਾਲ ਨਾ ਮਿਲੇਗੀ। ਸਿਖੀ ਇਥੇ ਸਿਖਰ ਤੇ ਪੁਜੀ। ਅੰਮ੍ਰਿਤ-ਧਾਰੀਆਂ ਨੇ ਅਦੁੱਤੀ ਬੀਰਤਾ ਦੇ ਡਿਪਲੋਮੇ ਪਰਾਪਤ ਕੀਤੇ।

੨੪. ਅੰਮ੍ਰਿਤ ਛਕਣ ਵਾਲੇ ਅਮਰ ਹੋਏ। ਗੁਰ ਪ੍ਰਸਾਦਿ ਦੁਆਰਾ ਜ਼ਿੰਦਗੀ ਦੀਆਂ ਸ਼ਾਹ ਰਾਹਾਂ,



www.AKJ.Org

ਨਾਮ ਅਭਿਆਸ ਦੀਆਂ ਉਚ ਆਤਮਕ ਅਵਸਥਾਵਾਂ ਖਾਲਸੇ ਨੇ ਪਰਾਪਤ ਕਰਕੇ, ਗੁਰਮੁਖ ਜੋਗ, ਆਤਮ ਜੋਗ, ਰਾਜ ਜੋਗ ਨੂੰ ਪਾਇਆ।

੨੫. ਦੁਨੀਆਂ ਦੇ ਪੀਰ ਪੈਗੰਬਰ ਨੇਕੀ ਤੇ ਸਚਾਈ ਦਾ ਪਰਚਾਰ ਤਾਂ ਕਰਦੇ ਆਏ ਹਨ ਪਰੰਤੂ ਨੇਕੀ ਤੇ ਸਚਾਈ ਨੂੰ ਬਚਾਉਣ ਦਾ ਢੰਗ ਕਿਸੇ ਨੇ ਨਹੀਂ ਦਸਿਆ। ਨੇਕੀ ਤੇ ਸਚਾਈ ਨੂੰ ਬਚਾਉਣ ਦਾ ਢੰਗ ਗੁਰੂ ਜੀ ਨੇ ਹੀ ਦਸਿਆ।

੨੬. ਗੁਰੂ ਜੀ ਨੇ ਅੰਮ੍ਰਿਤ ਦੁਆਰ ਸ਼ਸਤਰਾਂ ਦੀ ਮਹੱਤਤਾ ਵਧਾਈ। ਖਾਲਸੇ ਦੀ ਰਹਿਤ ਬਹਿਤ ਵਿਚ ਕਿਰਪਾਨ ਸਦਾ ਲਈ ਸ਼ਾਮਲ ਕਰ ਦਿਤੀ। ਨਿਤਨੇਮ ਦੀ ਬਾਣੀ ਭਗਤੀ ਹੈ, ਖਾਲਸੇ ਦੀ ਕਿਰਪਾਨ ਸ਼ਕਤੀ ਹੈ, ਅਕਾਲ ਪੁਰਖ ਦੀ ਤਾਕਤ ਹੈ। ਧਰਮ ਉਦੋਂ ਚਲੇਗਾ ਜਦੋਂ ਦੁਸ਼ਟਾਂ ਦਾ ਮੂਲ ਪੁਟਿਆ ਜਾਵੇਗਾ:—

ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ।

ਦੁਸ਼ਟ ਮਿਟਣਗੇ ਧਰਮ ਵਧੇਗਾ। ਮਲੇਛ ਭਜਣਗੇ ਤਦੋਂ ਖਾਲਸਾ ਰਾਜ ਕਰੇਗਾ। ਸਚਾਈ ਦੀ ਜੈ ਜੈ ਕਾਰ ਹੋਵੇਗੀ। ਜ਼ਾਲਮ ਭਗਤੀ ਨਾ ਕਰਨ ਦੇਵੇਗਾ ਜਦੋਂ ਤੀਕ ਪ੍ਰਭੂ ਪਿਆਰੇ ਕੋਲ ਤਲਵਾਰ ਨਾ ਹੋਵੇਗੀ। ਸਾਰੀਆਂ ਸਮਸਿਆਵਾਂ ਦਾ, ਕੌਮਾਂ ਦੇ ਝਗੜਿਆਂ ਨੂੰ ਸੁਲਝਾਉਣ ਦਾ ਇਕੋ ਇਕ ਫੈਸਲਾ ਤਲਵਾਰ ਹੈ। ਇਸੇ ਕਰਕੇ ਗੁਰੂ ਜੀ ਨੇ ਸ਼ਸਤਰਾਂ ਦੀ ਮਹਤਤਾ ਵਧਾ ਕੇ ਤਲਵਾਰ ਨੂੰ ਚੰਡੀ ਰੂਪ, ਜੈ ਤੇਗੰ, ਖੰਡੋ ਖੜਗ, ਮਹਾਂ ਕਾਲ ਕੀ ਕਾਲਕਾ, ਸੁਖ ਸੰਤਾਂ ਕਰਣੰ, ਕਿਲਵਿਖ ਹਰਣੰ ਆਖਿਆ ਹੈ।

੨੭. ਅੰਮ੍ਰਿਤ ਦੁਆਰਾ ਖਾਲਸਾ ਗੁਰੂ ਤੇ ਗੁਰੂ ਖਾਲਸੇ ਦਾ ਰੂਪ ਧਾਰ ਗਿਆ। ਅੰਮ੍ਰਿਤ ਕਰਕੇ ਗੁਰੂ ਜੀ ਚੇਲਾ ਬਣੇ। ਚੇਲਾ ਬਣਨ ਵਿਚ ਖੁਸ਼ੀ ਸਮਝੀ। ਖਾਲਸੇ ਨੂੰ ਗੁਰੂ ਵਿਚ, ਗੁਰੂ ਨੂੰ ਖਾਲਸੇ ਵਿਚ ਅਭੇਦ ਕੀਤਾ। ਅੰਮ੍ਰਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਚੋਂ ਨਿਕਲਿਆ ਜਾਂ ਇਉਂ ਆਖ ਲਓ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅੰਮ੍ਰਿਤ ਦੁਆਰਾ ਖਾਲਸੇ ਦੀ ਸਾਜਨਾ ਕਰਨ ਦੀ ਪ੍ਰੇਰਨਾ ਦਿਤੀ।

੨੮. ਅੰਮ੍ਰਿਤ ਪਿਰਮ ਪਿਆਲਾ ਖਸਮ ਕਾ ਹੈ ਜਿਸ ਛਕਿਆ ਸ਼ਹਾਦਤ ਦਾ ਨਸ਼ਾ ਚੜ੍ਹ ਗਿਆ ਮੁੜ ਉਤਰਿਆ ਨਹੀਂ। ਖਾਲਸੇ ਦੀ ਤਲਵਾਰ ਉਤੇ ਕੁਝ ਬੰਦਸ਼ਾਂ ਹਨ। ਗੁਰੂ ਜੀ ਨੇ ਖਾਲਸੇ ਨੂੰ ਤਲਵਾਰ ਕਿਸੇ ਦਾ ਮਾਲ ਲੁਟਣ ਲਈ ਜਾਂ ਗਰੀਬ ਮਜ਼ਲੂਮਾਂ ਨੂੰ ਤੰਗ ਕਰਨ ਲਈ ਨਹੀਂ ਦਿਤੀ ਸਗੋਂ ਖਾਲਸੇ ਨੂੰ ਤਲਵਾਰ ਪਰਉਪਕਾਰ ਲਈ ਵਰਤਣ ਲਈ ਕਿਹਾ। ਧਰਮ ਜੁਧ ਤੋਂ ਬਗੈਰ ਸਿੰਘ ਤਲਵਾਰ ਨਾ ਉਠਾਏ।

੨੯. ਅੰਮ੍ਰਿਤ ਦੁਆਰਾ ਇਸਤਰੀ ਜਾਤੀ ਨੂੰ ਗੁਰੂ ਜੀ ਨੇ ਮਰਦਾਂ ਦੇ ਬਰਾਬਰ ਦਰਜਾ ਦਿਤਾ। ਮਾਤਾ ਸਾਹਿਬ ਕੌਰ ਦਾ ਸਰਬ ਲੋਹ ਦੇ ਬਾਟੇ ਵਿਚ ਪਤਾਸੇ ਪਾਉਣ ਦਾ ਭਾਵ ਇਸਤ੍ਰੀ ਜਾਤੀ ਦਾ ਅੰਮ੍ਰਿਤ ਵਿਚ ਹਿੱਸਾ ਪਾਉਣਾ ਹੈ। ਗੁਰੂ ਜੀ ਨੇ ਮਰਦਾਂ ਨੂੰ ਇਸਤਰੀਆਂ ਨੂੰ ਦਬਾਉਣ ਤੋਂ ਰੋਕਿਆ। ਅੰਮ੍ਰਿਤ ਦੁਆਰਾ ਇਸਤ੍ਰੀ ਤੇ ਮਨੁਖ 'ਏਕ ਜੋਤਿ ਦੋਇ ਮੂਰਤੀ' ਕਰਕੇ ਗੁਰੂ ਜੀ ਨੇ ਇਸਤਰੀਆਂ ਲਈ ਪਰਦੇ ਦੀ ਮਨਾਹੀ ਕੀਤੀ। ਸਤੀ ਦੀ ਭੈੜੀ ਰਸਮ ਦੇ ਖਿਲਾਫ਼ ਅਵਾਜ਼ ਚੁਕੀ। ਕਈ ਲੋਕ (ਜਿਵੇਂ ਰਾਜਪੂਤ ਆਦਿ) ਜੰਮਦੀਆਂ ਕੁੜੀਆਂ ਨੂੰ ਗਲ ਘੋਟ ਕੇ ਮਾਰ ਦਿੰਦੇ ਸਨ, ਗੁਰੂ ਜੀ ਨੇ ਇਸ ਨੂੰ ਵੀ ਰੋਕਿਆ। ਬਾਕੀ ਧਰਮਾਂ ਵਿਚ ਇਸਤਰੀ ਜਾਤੀ ਨੂੰ ਪਿਛਾਂਹ ਹੀ ਰਖਿਆ ਹੋਇਆ ਹੈ ਪਰੰਤੂ ਗੁਰੂ ਜੀ ਨੇ ਅੰਮ੍ਰਿਤ ਦੁਆਰਾ ਇਸਤਰੀ ਨੂੰ ਮਰਦ ਦੇ ਬਰਾਬਰ ਦਾ ਦਰਜਾ ਦਿਤਾ।

੩੦. ਅਮ੍ਰਿਤ ਦੁਆਰਾ ਗੁਰੂ ਜੀ ਨੇ ਇਸਤਰੀ ਤੇ ਮਰਦ ਦੇ ਨਾਂ ਨਾਲ ਨਵੇਂ ਸਬਦ ਜੋੜੇ। ਇਸਤਰੀ ਦੇ ਨਾਂ ਮਗਰੋਂ ਕੌਰ, ਮਰਦ ਦੇ ਨਾਂ ਮਗਰੋਂ ਸਿੰਘ। ਮਮੂਲੀ ਮਮੂਲੀ ਨਾਵਾਂ ਨੂੰ ਬਦਲ ਕੇ ਸਿੰਘਾਂ ਨੂੰ ਸ਼ੇਰਾਂ ਦਾ ਇਸਤਰੀਆਂ ਨੂੰ ਸਿੰਘਣੀਆਂ (ਸ਼ੇਰਨੀਆਂ) ਦਾ ਰੂਪ ਦਿਤਾ। ਖਾਲਸਾ ਅਕਾਲ ਪੁਰਖ ਦੇ ਰੂਪ ਤੇ ਬਣਿਆ ਜੋ Unchanged men ਸਨ ਜਿਨਾਂ ਨੂੰ ਬਦਲਣਾ ਅਸੰਭਵ ਸੀ।



www.AKJ.Org

੩੧. ਅਮ੍ਰਿਤ ਦੁਆਰਾ ਗੁਰੂ ਜੀ ਨੇ ਖਾਲਸੇ ਨੂੰ ਜਿਊਣਾ ਦੁਖਿਆਰ ਲਈ ਮਰਨਾ ਦੁਖਿਆਰ ਲਈ ਦਸਿਆ। ਪੱਤ, ਅਬਰੋ, ਇਜ਼ਤ Self Respect ਦਾ ਮੁਢ ਪਾਇਆ। ਗੁਰੂ ਜੀ ਨੇ ਅੰਮ੍ਰਿਤਧਾਰੀ ਸਿੰਘ ਨੂੰ ਅਵਾਜ਼ਾ ਕਸ ਕੇ ਕਿਹਾ ਤੇਰਾ ਜਿਊਣਾ ਕਿਸ ਲੇਖੇ ਜੇ ਤੇਰੀ ਪਗੜੀ ਤੇ ਦਸਤਾਰ ਕਿਸੇ ਦੇ ਹੱਥ ਵਿਚ ਆ ਜਾਏ।

੩੨. ਅੰਮ੍ਰਿਤ ਨੇ ਖਾਲਸੇ ਨੂੰ ਪਕੀ ਤਰਾਂ ਸੰਗਠਤ ਕੀਤਾ। ਪੀਡੀ ਜਥੇਬੰਦੀ ਸਿੰਘਾਂ ਵਿਚਕਾਰ ਬਣੀ ਜਿਸ ਨੂੰ ਮੁਗਲਾਂ ਦੇ ਨਵਾਬਾਂ ਦੀਆਂ ਹਕੂਮਤਾਂ ਕਈ ਵਰੇ ਜਦੋਂ ਜਹਿਦ ਕਰਨ ਦੇ ਬਾਦਜੂਦ ਵੀ ਤੋੜ ਨਾ ਸਕੀਆਂ। ਖਾਲਸੇ ਦੇ ਸੰਗਠਨ (ਸ਼ੀਰਾਜ਼ੇ) ਨੂੰ ਬਖੇਰ ਨ ਸਕੀਆਂ। ਮਹਾਨ ਘਲੂਘਾਰਿਆਂ ਵਿਚ ਵੀ ਖਾਲਸਾ ਗੁਰੂ ਗਰੰਥ ਤੇ ਪੰਥ ਦੇ ਤਾਬੇ ਰਹਿ ਕੇ ਜੂਝਦਾ ਗਿਆ।

੩੩. ਅੰਮ੍ਰਿਤ ਦੁਆਰਾ ਖਾਲਸੇ ਦੀ ਉਸਾਰੀ ਕਰਨ ਤੋਂ ਮਗਰੋਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਜੋ ਦਿਲੀ-ਪਤੀ ਸੀ ਨੂੰ ਲਲਕਾਰ ਕੇ ਆਖਿਆ—
'ਔਰੰਗਜ਼ੇਬ ਜੇ ਤੂੰ ਆਪਣੇ ਜ਼ੁਲਮ ਦੇ ਘੋੜੇ ਨੂੰ ਲਗਾਮਾਂ ਨਾ ਦਿਤੀਆਂ ਤਾਂ ਮੈਂ ਇਸ ਦੇ ਪੈਰਾਂ ਹੇਠ ਅੱਗ ਦੇ ਲੂੰਬੇ ਰਖ ਦਿਆਂਗਾ। ਤੇਰੇ ਮੁਗਲ ਸਿਪਾਹੀ ਪੰਜਾਬ ਦੀ ਧਰਤੀ ਤੇ ਪੈਰ ਨਖਣਗੇ ਉਹਨਾਂ ਦੇ ਪੈਰ ਸੜ ਜਾਣਗੇ। ਪੰਜਾਬ ਵਿਚ ਹੁਣ ਸ਼ੇਰ ਬੁਕਦੇ ਹਨ, ਸੱਪ ਸ਼ੂਕਦੇ ਹਨ ਜਿਥੇ ਵੀ ਜਾਲਮ ਪੈਰ ਰਖੇਗਾ ਵਢ ਕੇ ਖਾ ਜਾਣਗੇ। ਤੇਰੇ ਮੁਗਲ ਸਿਪਾਹੀਆਂ ਦੇ ਘੋੜਿਆਂ ਨੂੰ ਪਾਣੀ ਨ ਲਭੇਗਾ। ਤੇਰੇ ਜਰਨੈਲਾਂ ਨੂੰ ਸਿਰ ਲੁਕਾਉਨ ਨੂੰ ਥਾਂ ਨਾ ਮਿਲੇਗੀ। ਹੁਣ ਖਾਲਸਾ ਪੰਥ ਭੁਝੰਗੀ ਖਾਲਸਾ ਮੁਗਲਾਂ ਦੇ ਟਾਕਰੇ ਵਿਚ ਜੁਆਨ ਹੋ ਗਿਆ ਹੈ ਤੇ ਸਿਰ ਲੱਥ ਅਕਾਲ ਦੇ ਬੰਦੇ ਹਰ ਸਮੇਂ ਤੇਰੇ ਜ਼ਾਲਮ ਤਰੀਕੇ ਨਾਲ ਤੈਨੂੰ ਹੀ ਜੁਆਬ ਦੇਣਗੇ।

੩੫. ਗੁਰੂ ਜੀ ਦੇ ਖੰਡੇ ਦੇ ਅੰਮ੍ਰਿਤ ਨੇ ਸਿਖੀ ਦੇ ਚਉਗਿਰਦੇ ਨੂੰ ਚੌਰੇੜਾ ਕੀਤਾ। ਇਸ ਦਾ ਆਮ ਜਨਤਾ ਵਿਚ ਮਾਰੂ ਤੇ ਦੂਰ ਪੁਜਣਾ ਅਸਰ ਹੋਇਆ। ਖੰਡੇ ਦੀ ਪਾਹੁਲ ਅਰਥਾਤ ਅੰਮ੍ਰਿਤ ਸੰਚਾਰ ਕਿਤੇ ਵੀ ਹੋ ਸਕਦਾ ਸੀ ਜਿਥੇ ਪੰਜ ਪਿਆਰੇ ਹੋਣ। ਸੋ ਇਸ ਤਰਾਂ ਥਾਂ ਥਾਂ ਅੰਮ੍ਰਿਤ ਸੰਚਾਰ ਹੋਣ ਲਗਾ। ਲੋਕੀਂ ਥਾਂ ਥਾਂ ਤੇ ਸਿੰਘ ਸਜਣ ਲਗੇ ਅਤੇ ਇਨਕਲਾਬੀ ਰੂਪ ਧਾਰਨ ਲਗੇ। ਥਾਂ ਥਾਂ ਤੇ ਖਾਲਸਾ ਜਗਮਗਾਉਣ ਲਗਾ। ਇਸ ਤਰਾਂ ਅੰਮ੍ਰਿਤ ਨਾਲ ਖਾਲਸਾ ਦੇਸ ਦੇ ਹਰ ਭਾਗ ਵਿਚ ਖਿਲਰ ਗਿਆ। ਪਰਸਿਧ ਹਿਸਟੋਰੀਅਨ ਕਨਿੰਘਮ ਲਿਖਦਾ ਹੈ—

'Guru Gobind Singh, through this Baptism of the sword, 'rouseb the dormant energies of a vanquished people and filled them with a lofty although fitful louging for social freedom and national ascendancy, the proper adjuncts of tdat purity of worship which had been preached by Nanak. Gobind saw what was yet vital and he resumed it with promthean fire.'

(From 'A History of the sikhs')

੩੫. ਗੁਰੂ ਜੀ ਦੇ ਅੰਮ੍ਰਿਤ ਤਿਆਰ ਕਰਨ ਤੋਂ ਪਹਿਲੇ ਗੁਰੂ ਸਾਹਿਬ ਚਰਨ ਪਾਹੁਲ ਦਿਤਾ ਕਰਦੇ ਸਨ ਜਿਵੇਂ ਭਾਈ ਗੁਰਦਾਸ ਜੀ ਲਿਖਦੇ ਹਨ

ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿਖਾਂ ਪਿਲਾਇਆ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਕ ਬਟਾ ਗੁਰੂ ਗਰੰਥ ਸਾਹਿਬ ਜੀ ਦੀ ਪਲਘੀਰੀ (ਅਰਥਾਤ ਪੀੜੀ ਸਾਹਿਬ ਹੇਠ ਰਖਿਆ ਜਾਂਦਾ ਸੀ ਜਿਸ ਨੂੰ ਪਾਹੁਲ ਵਜੋਂ ਸਿਖਾਂ ਨੂੰ ਪਿਲਾਇਆ ਜਾਂਦਾ ਸੀ) ਪਰੰਤੂ ਖੰਡੇ ਦੇ ਅੰਮ੍ਰਿਤ ਨਾਲ ਚਰਨ ਪਾਹੁਲ ਨੂੰ ਹਟਾ ਕੇ ਨਵੀਂ ਮਰਆਦਾ ਕਾਇਮ ਹੋਈ।

੩੬. ਪ੍ਰਿੰ. ਤੇਜਾ ਸਿੰਘ ਤੇ ਡਾਕਟਰ ਗੰਡਾ ਸਿੰਘ 'A SHORT HISTORY OF THE SIKH' ਵਿਚ ਲਿਖਦੇ ਹਨ — "ਖੰਡੇ ਦੀ ਪਾਹੁਲ ਨੇ ਜਾਦੂ ਵਰਗਾ ਅਸਰ ਕੀਤਾ। ਉਹ ਨਾਈ, ਛੀਂਬੇ,



www.AKJ.Org

ਝੀਊਰ, ਹਲਵਾਈ, ਬਾਣੀਏ ਜਿਨਾਂ ਦਾ ਕੰਮ ਤਕੜੀਆਂ ਤੋਲਣਾ ਤੇ ਵਿਉਪਾਰ ਕਰਨਾ ਸੀ ਗੁਰੂ ਜੀ ਦੇ ਅੰਮ੍ਰਿਤ ਨਾਲ ਜਿਉ ਉਠੇ । ਅੰਮ੍ਰਿਤ ਨੇ ਜਾਦੂ ਭਰਿਆ ਅਸਰ ਕੀਤਾ । ਹਿੰਦੂਆਂ ਨੂੰ ਬਦਲ ਕੇ ਰਖ ਦਿਤਾ । ਉਹ ਲੋਕ ਜੋ ਕਿਸਮਤ ਤੇ ਡੋਰੀ ਸਿਟ ਦਿੰਦੇ ਸਨ ਜ਼ੁਲਮ ਦੇ ਹੜ ਅਗੇ ਵਹਿ ਟੁਰਦੇ ਸਨ ਗੁਰੂ ਜੀ ਦੇ ਅੰਮ੍ਰਿਤ ਨਾਲ ਮੈਦਾਨ ਦੇ ਜੋਧੇ ਬਣ ਗਏ ਜਿਨਾਂ ਦੇ ਸਾਹਮਣੇ ਬੜੇ ਬੜੇ ਖਾਨ ਪਠਾਣ ਮੈਦਾਨ ਵਿਚ ਆਉਣ ਤੋਂ ਸੰਕੋਚ ਕਰਦੇ ਸਨ ।

੩੭. ਅੰਮ੍ਰਿਤ ਦੀ ਮਰਆਦਾ ਨਿਸਚਿਤ ਬਣੀ ਦੇਹਧਾਰੀ ਗੁਰੂ ਜਾਂ ਦੇਵੀ ਦੇਵਤਿਆਂ ਦੀ ਪੂਜਾ ਅਕਾਰਥ ਜਾਪੀ ਗੁਰੂ ਜੀ ਨੇ ਸ਼ਖਸੀਪੁਣੇ ਨੂੰ ਕਟਕੇ ਰਖ ਦਿਤਾ । ਵਾਲਟਰ ਹਿਊਜੋ ਰੂਸੋ ਜਿਸ ਡੈਮੋਕਰੇਸੀ ਨੂੰ ਪਰਚਾਰਦੇਆਏ ਉਹ ਗੁਰੂ ਜੀ ਨੇ ਆਪਣੇ ਪੰਥ ਵਿਚ ਅਮ੍ਰਿਤ ਦੁਵਾਰਾ ਕਾਇਮ ਕੀਤੀ । ਪਰਜਾ ਤੰਤਰ ਭਰਾਤਰੀ ਪੁਣਾ, ਮਮਾਨਤਾ ਤੇ ਅਜ਼ਾਦੀ, ਸਭੇ ਕੁਝ ਗੁਰੂ ਜੀ ਨੇ ਅਮਲੀ ਤੌਰ ਤੇ ਸਿੰਘਾਂ ਨੂੰ ਸਿਖਾਏ । ਪਹਿਲੇ ਆਪ ਲੀਹਾਂ ਪਾਈਆਂ । ਮਗਰੋਂ ਖਾਲਸਾ ਵੀ ਅਮਲੀ ਗੁਰੂ ਦੀਆਂ ਲੀਹਾਂ ਤੇ ਟੁਰਨ ਲਗਾ ।

੩੮. ਅੰਮ੍ਰਿਤ ਛਕਣ ਵਾਲਿਆਂ ਨੇ ਚੜਦੀ ਕਲਾ ਤੇ ਸਰਬਤ ਦਾ ਭਲਾ ਦਾ ਨਿਸ਼ਾਨਾ ਅਗੇ ਰਖਿਆ । ਪਛਮੀ ਹਮਲਾਆਵਰਾਂ ਦੇ ਹਲਿਆਂ ਤੋਂ ਦੇਸ਼ ਦੀ ਰਾਖੀ ਹੋਣ ਲਗੀ । ਪੰਜਾਬੀਆਂ ਨੇ ਪੰਜਾਬ ਵਿਚ ਵੜਨ ਵਾਲੇ ਹਮਲਾਆਵਰਾਂ ਦਾ ਡਟ ਕੇ ਟਾਕਰਾ ਕੀਤਾ । ਪੰਜਾਬ ਵਿਚ ਤੀਜੀ ਕੌਮ ਖਾਲਸਾ ਬਣ ਜਾਣ ਦੇ ਨਾਲ, ਹਮਲਾਆਵਰਾਂ ਲਈ ਪੰਜਾਬ ਦੇ ਬੂਹੇ ਵਿਚੋਂ ਸਿਧਿਆਂ ਝਟ ਪਟ ਸੌਖ ਨਾਲ ਲੰਘਣਾ ਔਖਾ ਹੋ ਗਿਆ । ਸਿੰਘਾਂ ਨੇ ਜਰਵਾਣਿਆਂ ਦੇ ਜ਼ੁਲਮੀ ਹੜਾਂ ਨੂੰ ਰੋਕ ਕੇ ਭਾਰਤ ਦੇ ਇਤਿਹਾਸ ਨੂੰ ਬਦਲਿਆ ਤੇ ਦੇਸ਼ ਭਗਤੀ ਦਾ ਸਬੂਤ ਦਿਤਾ ।

---

# ਨਿਸ਼ਕਾਮ ਸੇਵਾ ਲਈ ਉਦਮ ਕਰੋ !

ਸਰਬਤ ਗੁਰੂ ਸਵਾਰੇ ਵੀਰਾਂ ਤੇ ਭੈਣਾਂ ਦੇ ਚਰਨਾਂ ਤੇ ਸੀਸ ਰਖ ਜੋਦੜੀ ਕੀਤੀ ਜਾਂਦੀ ਹੈ । ਕਿ ਦਾਸ ਦਾ ਫੁਰਨਾਂ ਹੈ ਕਿ ਦਾਸ ਸਾਰੇ ਭਾਰਤ ਭਰ ਵਿਚ ਕੀਰਤਨ ਦੀ ਅਤੁਟ ਸੇਵਾ ਕਰੇ ਤੇ ਦਾਸ ਇਸ ਵੇਲੇ ਕੀਰਤਨ ਦੀ ਸੇਵਾ ਦਾ ਸਮਾਂ ਦੇ ਸਕਦਾ ਹੈ । ਹੋਰ ਗੁਰੂ ਘਰ ਦੇ ਕੀਰਤਨੀਏ ਮੁਲਾਜ਼ਮਤ ਪੇਸ਼ਾ ਹਨ ਏਨਾ ਸਮਾਂ ਨਹੀਂ ਦੇ ਸਕਦੇ ਜਿਨਾਂ ਕਿ ਦਾਸ ਇਸ ਵੇਲੇ ਸਮਾਂ ਦੇ ਸਕਦਾ ਹੈ । ਜੋ ਵੀਰ ਤੇ ਭੈਣ ਦਾਸ ਦੇ ਨਾਲ ਕੀਰਤਨ ਦੀ ਸੇਵਾ ਕਰ ਸਕੇ ਓਹ ਦਾਸ ਨੂੰ ਨਿਵਾਜਨ । ਜਿਥੇ ਅੰਮ੍ਰਿਤ ਸੰਚਾਰ ਦੀ ਲੋੜ ਹੋਵੇ ਓਥੇ ਓਥੇ ਪੰਜਾਂ ਪਿਆਰਿਆਂ ਦੀ ਸੇਵਾ ਕਰਨ ਲਈ ਵੀ ਬਖਸ਼ਿਸ਼ ਕਰਨ । ਨਿਸ਼ਕਾਮ ਵੀਰ ਤੇ ਭੈਣਾਂ ਸੇਵਾ ਕਰਨ ਵਾਲੇ ਸਦਾ ਇਸ ਸੇਵਾ ਵਿਚ ਜੁਟੇ ਰਹਿਣ ਜਿਥੇ ਸੰਗਤਾਂ ਹੁਕਮ ਕਰਨ ਓਥੇ ਹੀ ਕੀਰਤਨ ਸਮਾਗਮ ਅੰਮ੍ਰਿਤ ਸੰਚਾਰ ਸਮਾਗਮ ਸਦਾ ਹੀ ਹੋਂਦੇ ਰਹਿਣ । ਇਹ ਸੇਵਾ ਟੂਰੰਗ ਬਸਾਂ ਰਾਹੀਂ ਵੀ ਰਖੀ ਜਾ ਸਕਦੀ ਹੈ । ਜਿਥੇ ਸੰਗਤਾਂ ਹੁਕਮ ਕਰਨਗੀਆਂ ਦਾਸ ਉਸੇ ਵੇਲੇ ਕਮਰ ਕਸੇ ਕਰਕੇ ਜਿਹੜੇ ਭੈਣਾਂ ਤੇ ਵੀਰ ਦਾਸ ਨਾਲ ਹੋਣਗੇ ਚਾਲੇ ਪਾ ਦਿਤੇ ਜਾਣਗੇ । ਇਹ ਸਾਰਾ ਪੂਰੇ ਵੇਰਵੇ ਦਾ ਪਰੋਗਰਾਮ 'ਸੂਰਾ' ਰਾਹੀਂ ਸਮੇਂ ਸਮੇਂ ਸਿਰ ਸੰਗਤਾਂ ਦੀ ਜਾਣਕਾਰੀਲਈ ਪ੍ਰਕਾਸ਼ਤ ਕੀਤਾ ਜਾਇਆ ਕਰੇਗਾ । ਜਿਹੜੇ ਵੀਰ ਤੇ ਭੈਣਾਂ ਇਸ ਅਦੁਤੀ ਸੇਵਾ ਵਿਚ ਹਿਸਾ ਪਾਉਣਾ ਚਾਹਉਣ ਉਹ ਕ੍ਰਿਪਾ ਕਰਕੇ ਛੇਤੀ ਤੋਂ ਛੇਤੀ ਪਤਾ ਦੇਣ ਦੀ ਕ੍ਰਿਪਾਲਤਾ ਕਰਨ ।

ਸੰਗਤਾਂਦਾ ਚਰਨ ਧੂੜੀ ਦੀ ਜਾਚਕ—

ਜੀਵਨ ਸਿੰਘ 'ਰਾਗੀ'

ਨਿਊ ਮਾਡਲ ਟਾਊਨ, ਲੁਧਿਆਣਾ ।



www.AKJ.Org

# ਅਖੰਡ ਕੀਰਤਨੀ ਜੱਥਿਆਂ ਵਲੋਂ ਦਖਣੀ ਪਛਮੀ ਭਾਰਤ ਦੇ

# ਪਰਚਾਰ ਦੌਰੇ ਦਾ ਪ੍ਰੋਗਰਾਮ

## ਜੱਥੇ ਦੀ ੮ ਅਕਤੂਬਰ ਨੂੰ ਚਲ ਕੇ ੧ ਨਵੰਬਰ ਨੂੰ ਵਾਪਸੀ

| ਕਿਥੋਂ ਕਿਥੇ ? | ਚਲਣ ਦਾ ਸਮਾਂ | ਮਿਤੀ | ਪਹੁੰਚ ਦਾ ਸਮਾਂ |
|---|---|---|---|
| ਪਟਿਆਲੇ ਤੋਂ ਦਿੱਲੀ | ੬ ਵਜੇ ਸ਼ਾਮ | ੮-੧੦-੭੦ | ੧੧ ਵਜੇ ਰਾਤ |
| ਦਿੱਲੀ ਤੋਂ ਜੈਪੁਰ | ੯ ਵਜੇ ਸਵੇਰੇ | ੧੧-੧੦-੭੦ | ੪ ਵਜੇ ਸ਼ਾਮ |
| ਜੈਪੁਰ ਤੋਂ ਕੋਟਾ | ੮ ਵਜੇ ਸਵੇਰੇ | ੧੨-੧੦-੭੦ | ੪ ਵਜੇ ਸ਼ਾਮ |
| ਕੋਟੇ ਤੋਂ ਬੜੌਦਾ | ੪ ਵਜੇ ਸਵੇਰੇ | ੧੪-੧੦-੭੦ | ੬ ਵਜੇ ਸ਼ਾਮ |
| ਬੜੌਦੇ ਤੋਂ ਬੰਬਈ | ੮ ਵਜੇ ਸਵੇਰੇ | ੧੫-੧੦-੭੦ | ੭ ਵਜੇ ਸ਼ਾਮ |
| ਬੰਬਈ ਤੋਂ ਪੂਨਾ | ੧੧ ਵਜੇ ਸਵੇਰੇ | ੧੮-੧੦-੭੦ | ੩ ਵਜੇ ਸ਼ਾਮ |
| ਪੂਨਾ ਤੋਂ ਹਜ਼ੂਰ ਸਾਹਿਬ | ੬ ਵਜੇ ਸਵੇਰੇ | ੨੦-੧੦-੭੦ | ੪ ਵਜੇ ਸ਼ਾਮ |
| ਹਜ਼ੂਰ ਸਾਹਿਬ ਤੋਂ ਇੰਦੌਰ | ੫ ਵਜੇ ਸਵੇਰੇ | ੨੨-੧੦-੭੦ | ੫ ਵਜੇ ਸ਼ਾਮ |
| ਇੰਦੌਰ ਤੋਂ ਭੁਪਾਲ | ੧ ਵਜੇ ਦੁਪਹਿਰ | ੨੩-੧੦-੭੦ | ੬ ਵਜੇ ਸ਼ਾਮ |
| ਭੋਪਾਲ ਤੋਂ ਗਵਾਲੀਅਰ | ੬ ਵਜੇ ਸਵੇਰੇ | ੨੫-੧੦-੭੦ | ੬ ਵਜੇ ਸ਼ਾਮ |
| ਗਵਾਲੀਅਰ ਤੋਂ ਆਗਰਾ | ੧੨ ਵਜੇ ਦੁਪਹਿਰ | ੨੬-੧੦-੭੦ | ੬ ਵਜੇ ਸ਼ਾਮ |
| ਆਗਰਾ ਤੋਂ ਮਥਰਾ | ੩ ਵਜੇ ਸ਼ਾਮ | ੨੭-੧੦-੭੦ | ੫ ਵਜੇ ਸ਼ਾਮ |
| ਮਥਰਾ ਤੋਂ ਮੇਰਠ | ੧੧ ਵਜੇ ਸਵੇਰੇ | ੨੮-੧੦-੭੦ | ੬ ਵਜੇ ਸ਼ਾਮ |
| ਮੇਰਠ ਤੋਂ ਹਰਿਦੁਆਰ | ੧੦ ਵਜੇ ਸਵੇਰੇ | ੩੦-੧੦-੭੦ | ੩ ਵਜੇ ਸ਼ਾਮ |
| ਹਰਿਦੁਆਰ ਤੋਂ ਰੁੜਕੀ | ੧੨ ਵਜੇ ਦੁਪਹਿਰ | ੩੧-੧੦-੭੦ | ੫ ਵਜੇ ਸ਼ਾਮ |
| ਰੁੜਕੀ ਤੋਂ ਜਗਾਧਰੀ | ੧੨ ਵਜੇ ਦੁਪਹਿਰ | ੧–੧੧–੭੦ | ੪ ਵਜੇ ਸ਼ਾਮ |
| ਜਗਾਧਰੀ ਤੋਂ ਪਟਿਆਲਾ | ੯ ਵਜੇ ਰਾਤ | ੧–੧੧–੭੦ | ੧੨ ਵਜੇ ਰਾਤ |

ਨੋਟ:—ਸਮੇਂ ਵਿਚ ਲੋੜ ਅਨੁਸਾਰ ਤਬਦੀਲੀ ਕਰਨ ਦਾ ਅਧਿਕਾਰ ਮੁਖੀ ਪ੍ਰਬੰਧਕਾਂ ਨੂੰ ਹੋਵੇਗਾ ।

—ਹਰ ਪ੍ਰਕਾਰ ਦੀ ਪੁਛ ਗਿੱਛ ਲਈ ਪਤਾ—

ਭਾਈ ਮਹਿੰਦਰ ਸਿੰਘ, ੧੨–ਈ, ਮਾਲਵਾ ਕਲੋਨੀ, ਨੇੜੇ ਮੋਤੀ ਪੈਲਸ, ਪਟਿਆਲਾ ।

ਦਾਸਰੇ—ਅਖੰਡ ਕੀਰਤਨੀ ਜੱਥਾ, ਪਟਿਆਲਾ ।

---

## ਪਾਠਕਾਂ ਪ੍ਰਤੀ ਬੇਨਤੀ

ਪਾਠਕਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਪਾਠਕਾਂ ਨੂੰ ਅਸੀਂ ਚਿੱਠੀਆਂ ਪਾਈਆਂ ਸਨ ਉਹਨਾਂ ਵਿਚ ਜਿਹਨਾਂ ਦੇ ਉਤਰ ਪੁਜੇ ਕਿ ਚੰਦਾ ਭੇਜ ਰਹੇ ਹਾਂ, ਉਹ ਕ੍ਰਿਪਾ ਕਰਕੇ ਚੰਦਾ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨ । ਜਿਨ੍ਹਾਂ ਪਾਠਕਾਂ ਨੂੰ ਅਸੀਂ ਜਵਾਬੀ ਪੋਸਟ ਕਾਰਡ ਪਾਏ ਸਨ ਪਰ ਉਹਨਾਂ ਵਲੋਂ ਕੋਈ ਉਤਰ ਨਹੀਂ ਆਇਆ ਉਹ ਵੀ ਕ੍ਰਿਪਾ ਕਰਕੇ ਉਤਰ ਛੇਤੀ ਭੇਜਣ ।

ਦਾਸ—ਮੇਨੇਜਰ, 'ਸੂਰਾ' ਧੋਬੀ ਘਾਟ, ਪਟਿਆਲਾ ।



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿੱਠੀਆਂ | ੫-੦੦ | ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ | ਗੁਰਮਤਿ ਗੌਰਵਤਾ | ੫-੦੦ |
| ਗੁਰਮਤ ਲੇਖ | ੨-੫੦ | ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਗੁਰਮਤ ਬਬੇਕ | ੩-੦੦ | ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਸੱਚਖੰਡ ਦਰਸ਼ਨ | ੦-੭੫ | ਵਾਹਿਗੁਰੂ ਸਿਮਰਨ | ੦-੨੦ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ | ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਚਰਨ ਕਮਲ ਕੀ ਮਉਜ | ੦-੯੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਅਣਡਿਠੀ ਦੁਨੀਆਂ | ੪-੦੦ | ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਅੰਮ੍ਰਿਤ ਕਲਾ | ੦-੪੦ | ਗੁਰਮਤ ਵਿਚਾਰ | ੦-੮੦ |
| ਅੰਮ੍ਰਿਤ ਕੀ ਹੈ ? | ੦-੩੦ | ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ਸੁਪਨਾ | ੦-੩੦ | ਨਾਮ ਸਬੰਧੀ ਵਿਚਾਰ | ੦-੫੦ |
| ਬਾਬਾ ਵੈਦ ਰੋਗੀਆਂ ਦਾ | ੦-੨੦ | ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉੱਤਰ | ੦-੫੦ |
| ਗਯਾਨ ਚਾਨਣਾ | ੦-੧੦ | ਸੰਥਾ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੮-੦੦ |
| ਰੰਗਲੇ ਸਜਣ | ੨-੫੦ | ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਸਿੱਖ ਕੌਣ ਹੈ ? | ੦-੧੫ | ਆਤਮਾ ਕੀ ਹੈ ? (ਲੇਖਕ ਭਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਆਸਤਕ ਨਾਸਤਕ | ੦-੧੫ | ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |
| ਕੋ ਵਿਰਲਾ ਗੁਰਮਤਿ ਚਲੈ | ੦-੨੦ | | |
| ਸਚੀਆਂ ਦਾਹੜੀਆਂ | ੦-੧੨ | | |
| ਸੰਤ ਪਦ ਨਿਰਣੈ | ੨-੨੫ | | |
| ਗੁਰਮਤ ਰਮਜ਼ਾਂ | ੦-੬੫ | | |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ | | |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਗੁਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ। ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ।

ਪੁਸਤਕਾਂ ਮਿਲਣ ਦਾ ਪਤਾ :—

## ਸੂਰਾ ਪੁਸਤਕ ਭੰਡਾਰ ਧੋਬੀ ਘਾਟ, ਪਟਿਆਲਾ।

www.AKJ.Org